# ਪੰਜਾਬੀ ਮਿੰਨੀ ਕਹਾਣੀ :

# ਨਿਕਾਸ ਅਤੇ ਵਿਕਾਸ (1994) ਤਕ

# ਪੰਜਾਬੀ ਮਿੰਨੀ ਕਹਾਣੀ :

# ਨਿਕਾਸ ਅਤੇ ਵਿਕਾਸ (1994) ਤਕ

ਕਰਮਵੀਰ ਸਿੰਘ

**ਭਾਸ਼ਾ ਵਿਭਾਗ, ਪੰਜਾਬ**

PUNJABI MINNI KAHANI: NIKAS ATE VIKAS Up to 1994 (In Punjabi)
Karamvir Singh

ਪੰਜਾਬੀ ਮਿੰਨੀ ਕਹਾਣੀ :
ਨਿਕਾਸ ਅਤੇ ਵਿਕਾਸ (1994) ਤਕ
ਕਰਮਵੀਰ ਸਿੰਘ

© ਭਾਸ਼ਾ ਵਿਭਾਗ, ਪੰਜਾਬ

ਸਾਲ : 1998
ਕਾਪੀਆਂ: 5000
ਕੀਮਤ : 10-00 ਰੁਪਏ

9819-ਪੇ-ਬੈ-1317

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ
ਛਾਪਕ : ਸਾਰਥਕ ਕੰਪਿਊਟਰਜ਼, ਚੰਡੀਗੜ੍ਹ
ਰਾਹੀ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ

## ਮੁੱਢਲੀ ਗੱਲ

ਭਾਸ਼ਾ ਵਿਭਾਗ ਪੰਜਾਬ, ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਲਈ ਵਚਨਬੱਧ ਹੈ। ਸਾਹਿਤ ਰਚਨਾ ਦੇ ਕਾਰਜ ਵਿਚ ਜੁੱਟੇ ਹੋਏ ਸਾਹਿਤਕਾਰਾਂ ਦੇ ਸਹਿਯੋਗ ਦੁਆਰਾ ਅਨੇਕਾਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾ ਦੇ ਤਹਿਤ ਬਾਲ ਸਾਹਿਤ ਤੋਂ ਲੈ ਕੇ ਕਲਾਸਕੀ ਸਾਹਿਤ ਅਤੇ ਵਿਸ਼ਵਕੋਸ਼ ਵਰਗੇ ਪ੍ਰਾਜੈਕਟਾਂ ਤੇ ਕੰਮ ਕੀਤਾ ਜਾ ਰਿਹਾ ਹੈ। ਇਸ ਆਸ਼ੇ ਨੂੰ ਮੁੱਖ ਰੱਖਦੇ ਹੋਏ ਪੰਜਾਬੀ ਦੇ ਸਾਹਿਤ ਭੰਡਾਰ ਨੂੰ ਹੋਰ ਭਰਪੂਰ ਕਰਨ ਲਈ ਅਤੇ ਪੰਜਾਬੀ ਦੇ ਉੱਘੇ ਲੇਖਕਾਂ ਦੀਆਂ ਰਚਨਾਵਾਂ ਨੂੰ ਆਮ ਪਾਠਕ ਤੱਕ ਵਾਜਬ ਕੀਮਤ ਤੇ ਮੁਹੱਈਆ ਕਰਨ ਲਈ ਪੇਪਰ-ਬੈਕ ਸਕੀਮ ਵੀ ਆਰੰਭ ਕੀਤੀ ਗਈ ਹੈ। ਇਸ ਨਾਲ ਸਿਰਫ਼ ਸਸਤੀ ਕੀਮਤ ਤੇ ਮਿਆਰੀ ਸਾਹਿਤ ਹੀ ਉਪਲਬੱਧ ਨਹੀਂ ਹੁੰਦਾ, ਸਗੋਂ ਕਾਫ਼ੀ ਗਿਣਤੀ ਵਿਚ ਪੁਸਤਕਾਂ ਛਾਪਣ ਨਾਲ ਲੇਖਕਾਂ ਦਾ ਮਨੋਬਲ ਤੇ ਪਾਠਕਾਂ ਦੀ ਗਿਣਤੀ ਦਾ ਦਾਇਰਾ ਵਧਦਾ ਹੈ। ਇਸ ਸੀਰੀਜ਼ ਅਧੀਨ 100 ਤੋਂ ਵੱਧ ਪੁਸਤਕਾਂ ਹੱਥ ਵਿਚ ਲਈਆਂ ਗਈਆਂ ਹਨ ਅਤੇ ਇਨ੍ਹਾਂ ਵਿਚੋਂ 60 ਪੁਸਤਕਾਂ ਛਾਪੀਆਂ ਜਾ ਚੁੱਕੀਆਂ ਹਨ ਜਿਨ੍ਹਾਂ ਵਿਚ ਭਾਈ ਵੀਰ ਸਿੰਘ, ਨਾਨਕ ਸਿੰਘ, ਕਰਤਾਰ ਸਿੰਘ ਦੁੱਗਲ, ਪ੍ਰਭਜੋਤ ਕੌਰ, ਹਰਨਾਮ ਦਾਸ ਸਹਿਰਾਈ, ਨਰਿੰਦਰਪਾਲ ਸਿੰਘ, ਸ਼ਿਵ ਕੁਮਾਰ ਬਟਾਲਵੀ, ਪ੍ਰੋ. ਮੋਹਨ ਸਿੰਘ, ਪ੍ਰੀਤਮ ਸਿੰਘ ਸਫ਼ੀਰ, ਡਾ. ਹਰਿਭਜਨ ਸਿੰਘ, ਨਿਰੰਜਨ ਤਸਨੀਮ, ਅਮਰੀਕ ਸਿੰਘ ਪੂਨੀ, ਗੁਰਚਰਨ ਸਿੰਘ ਪੂਨੀ, ਗੁਰਚਰਨ ਸਿੰਘ ਜਸੂਜਾ, ਭੁਪਿੰਦਰ ਸਿੰਘ ਆਈ.ਏ.ਐਸ. ਆਦਿ ਲੇਖਕਾਂ ਦੀਆਂ ਪੁਸਤਕਾਂ ਸ਼ਾਮਲ ਹਨ।

ਅੱਜ ਦਾ ਸਮਾਂ ਤੇਜ਼ ਰਫ਼ਤਾਰੀ ਦਾ ਸਮਾਂ ਹੈ। ਵਿਗਿਆਨ ਤੇ ਕੰਪਿਊਟਰ ਦੇ ਇਸ ਯੁੱਗ ਵਿਚ ਹਰ ਇਕ ਚੀਜ਼ ਦਾ ਸੰਖੇਪ ਤੇ ਪ੍ਰੀਸਾਈਜ਼ ਰੂਪ ਹੀ ਮਕਬੂਲ ਹੋ ਰਿਹਾ ਹੈ। ਸ਼ਾਇਦ ਇਸੇ ਕਰਕੇ ਅੱਜਕਲ ਵੱਡਆਕਾਰੀ ਨਾਵਲ ਜਾਂ ਲੰਮੀ ਕਹਾਣੀ ਦੀ ਥਾਵੇਂ ਮਿੰਨੀ ਕਹਾਣੀ ਦੀ ਵਿਧਾ ਪ੍ਰਚਲਿਤ ਹੋ ਰਹੀ ਹੈ। ਭਾਵੇਂ ਮਿੰਨੀ ਕਹਾਣੀ ਕਿਸੇ ਵੀ ਸਾਹਿਤਿਕ ਵਿਧਾ ਦਾ ਬਦਲ ਨਹੀ ਫਿਰ ਵੀ ਥੋੜੇ ਸ਼ਬਦਾਂ ਵਿਚ ਇਕ ਵੱਡੀ ਗੱਲ ਵੱਲ ਸੰਕੇਤ ਕਰਨਾ ਇਸ ਸਿਨਫ਼ ਦੀ ਖੂਬੀ ਹੋਣ ਕਰਕੇ, ਇਹ ਮੁੱਢਲੀ ਕਹਾਣੀ ਦੇ ਨਾਲ ਨਾਲ ਖੂਬ ਪ੍ਰਚਲਿਤ ਹੋ ਗਈ ਹੈ।

ਮਿੰਨੀ ਕਹਾਣੀ ਨਾ ਸ਼ਾਰਟਕੱਟ ਹੈ, ਨਾ ਲੰਮੀ ਕਹਾਣੀ ਦਾ ਸਾਰ। ਇਹ ਬੀਜ ਹੈ ਜਿਸ ਵਿਚ ਪਿਆਲਾਂ ਦੇ ਫੈਲਾਓ ਦਾ ਪੂਰਾ ਪਾਸਾਰ ਸਮੇਟਿਆ ਪਿਆ ਹੈ। ਸ. ਕਰਮਵੀਰ ਸਿੰਘ ਸੂਰੀ ਸਾਡੇ ਵਿਭਾਗ ਦੇ ਖੋਜ ਅਫਸਰ ਇਕ ਹੋਣਹਾਰ ਲੇਖਕ ਹਨ, ਜਿੰਨ੍ਹਾਂ ਨੇ ਹੁਣ ਤੱਕ ਮਿੰਨੀ ਕਹਾਣੀ ਦੇ ਦੋ ਸੰਗ੍ਰਹਿ ਭੇਟ ਕੀਤੇ ਹਨ। ਮਿੰਨੀ ਕਹਾਣੀ ਦੇ ਚੋਣਵੇਂ ਹਸਤਾਖਰ ਹੋਣ ਦੇ ਨਾਲ ਨਾਲ ਕਰਮਵੀਰ ਸਿੰਘ ਸੂਰੀ ਨੇ ਇਸ ਦੇ ਵਿਕਾਸ ਆਲੋਚਨਾਤਮਕ ਵਿਸ਼ਲੇਸ਼ਣ, ਕਲਾ ਪੱਖ ਅਤੇ ਵਿਸ਼ੇ ਪੱਖ ਬਾਰੇ ਕਾਫ਼ੀ ਖੋਜ ਤੇ ਅਧਿਐਨ ਕੀਤਾ ਹੈ। ਹਥਲਾ ਸੰਗ੍ਰਹਿ ਉਹਨਾ ਦੇ ਬਾਰੀਕੀ ਨਾਲ ਕੀਤੇ ਅਧਿਐਨ ਨੂੰ ਪਾਠਕਾਂ ਸਾਹਮਣੇ ਰੱਖਣ ਦਾ ਵਿਭਾਗ ਦੁਆਰਾ ਕੀਤਾ ਗਿਆ ਉਪਰਾਲਾ ਹੈ।

ਆਸ ਹੈ ਕਿ ਵਿਦਵਾਨਾਂ ਤੇ ਖੋਜ-ਵਿਦਿਆਰਥੀਆਂ ਲਈ ਇਹ ਪੁਸਤਕ ਲਾਹੇਵੰਦ ਸਾਬਿਤ ਹੋਵੇਗੀ ਅਤੇ ਪਾਠਕ ਇਸ ਦਾ ਨਿੱਘਾ ਸੁਆਗਤ ਕਰਨਗੇ।

**ਡਾ. ਮਦਨ ਲਾਲ ਹਸੀਜਾ**

ਡਾਇਰੈਕਟਰ,

ਭਾਸ਼ਾ ਵਿਭਾਗ, ਪੰਜਾਬ

## ਮਿੰਨੀ ਕਹਾਣੀ ਦਾ ਨਿਕਾਸ

ਪੰਜਾਬੀ ਸਾਹਿਤ ਵਿਚ ਮਿੰਨੀ ਕਹਾਣੀ ਦਾ ਇਤਿਹਾਸ ਬਹੁਤਾ ਪੁਰਾਣਾ ਅਤੇ ਲੰਮਾ-ਚੌੜਾ ਨਹੀਂ ਹੈ। ਮਿੰਨੀ ਕਹਾਣੀ ਅਜੇ ਆਪਣੇ ਬਚਪਨ ਤੋਂ ਲੜਕਪਨ ਦੇ ਸਮੇਂ ਦਾ ਸਫ਼ਰ ਤੈਅ ਕਰ ਰਹੀ ਹੈ। ਇਸਦੇ ਬੀਜ ਅੰਸ਼ (Prototype) ਅਰਥਾਤ ਇਸਦੀ ਉਤਪਤੀ ਜਾਂ ਨਿਕਾਸ ਕਿਥੋਂ ਹੋਇਆ ਤੇ ਅੱਜ ਇਹ ਕਿਥੇ ਖੜੀ ਹੈ ਜਾਂ ਇਸਦਾ ਕਿੰਨਾ ਕੁ ਵਿਕਾਸ ਹੋਇਆ ਹੈ, ਇਨ੍ਹਾਂ ਗੱਲਾਂ ਦੀ ਸੰਖੇਪ ਵਿਚ ਵਿਚਾਰ-ਚਰਚਾ ਹੀ ਇਸ ਪੁਸਤਕ ਦਾ ਮੁੱਖ ਉਦੇਸ਼ ਜਾਂ ਲਕਸ਼ ਹੈ।

ਨਿਰਸੰਦੇਹ, ਮਿੰਨੀ ਕਹਾਣੀ ਨੇ ਕੁਝ ਪੈਂਡਾ ਜ਼ਰੂਰ ਤੈਅ ਕਰ ਲਿਆ ਹੈ ਪਰੰਤੂ ਅਜੇ ਬਹੁਤ ਕੁਝ ਹੋਰ ਕਰਨ ਵਾਲਾ ਰਹਿੰਦਾ ਹੈ। ਅਜੇ ਇਸ ਰੌਲੇ ਵਿਚ ਜਾਂ ਇਸ ਭੰਬਲਭੂਸੇ ’ਚ ਪੈਣ ਦੀ ਜ਼ਰੂਰਤ ਨਹੀਂ ਕਿ ਮਿੰਨੀ ਕਹਾਣੀ ਦੇ ਪਿਤਾਮਾ ਦਾ ਤਾਜ ਕਿਸਦੇ ਸਿਰ ਧਰੀਏ। ਇਹ ਬਹੁਤ ਬਾਅਦ ਦੀਆਂ ਗੱਲਾਂ ਹੁੰਦੀਆਂ ਨੇ, ਜਦੋਂ ਕੋਈ ਵਿਧਾ ਆਪਣੀ ਸਿਖ਼ਰ (Climax) ਜਾਂ ਪਰਪੱਕਤਾ (Maturity) ਦੀ ਮੰਜ਼ਿਲ ਤੇ ਅੱਪੜ ਜਾਂਦੀ ਹੈ। ਇਸ ਵਿਧਾ ਜਾਂ ਸਿਨਫ਼ ਨੇ ਅਜੇ ਕਈ ਪੜਾਅ, ਕਈ ਮਰਹਲੇ ਤੈਅ ਕਰਨੇ ਹਨ। ਜਦੋਂ ਇਹ ਕਿਸੇ ਮੁਕਾਮ ਤੇ ਪਹੁੰਚ ਜਾਏਗੀ ਤਾਂ ਆਲੋਚਕਾਂ ਅਤੇ ਵਿਦਵਾਨਾਂ ਨੇ ਇਸਦੇ ਲੱਕੜਦਾਦੇ, ਪੜਦਾਦੇ, ਦਾਦੇ ਸਭ ਦੀ ਖੋਜ ਤੇ ਭਾਲ ਕਰ ਲੈਣੀ ਹੈ। ਆਲੋਚਕਾਂ ਦੇ ਕਾਰਜ ਨੂੰ ਮਿੰਨੀ ਕਹਾਣੀਕਾਰਾਂ ਦੁਆਰਾ ਖ਼ੁਦ ਹੀ ਸੰਭਾਲ ਲੈਣਾ ਕੋਈ ਬਹੁਤੀ ਸ਼ੋਭਾ ਨਹੀਂ ਦਿੰਦਾ। ਜਦੋਂ ਕੋਈ ਮਾਅਰਕੇ ਦੀ ਅਤੇ ਧਮਾਕਾਖੇਜ਼ ਚੀਜ਼ ਆਏਗੀ ਤਾਂ ਆਲੋਚਕਾਂ ਦਾ ਧਿਆਨ ਖ਼ੁਦ-ਬ-ਖ਼ੁਦ ਉਧਰ ਖਿੱਚਿਆ ਜਾਵੇਗਾ, ਜਦੋਂ ਮਿੰਨੀ-ਕਥਾਕਾਰ ਵੱਖ-ਵੱਖ ਪਲੈਟਫਾਰਮ ਜਾਂ ਗੁੱਟ ਬਣਾ ਕੇ ਖ਼ੁਦ ਹੀ ਰਾਮਰੌਲਾ ਪਾਈ ਜਾਣਗੇ, ਜਾਂ ਆਪਣੇ ਗਰੁੱਪ ਦੇ ਲੇਖਕਾਂ ਦੀ ਤਾਰੀਫ਼ ਦੇ ਸੋਹਿਲੇ ਹੀ ਗਾਈ ਜਾਣਗੇ, ਤਾਂ ਵੱਡੇ ਅਤੇ ਸਥਾਪਿਤ ਲੇਖਕਾਂ ਜਾਂ ਆਲੋਚਕਾਂ ਨੂੰ ਕੀ ਪਈ ਹੈ ਕਿ ਉਹ ਉਨ੍ਹਾਂ ਬਾਰੇ ਜਾਂ ਮਿੰਨੀ ਕਹਾਣੀ ਬਾਰੇ ਕੁਝ ਕਹਿਣ। ਨਿਰਸੰਦੇਹ, ਸਾਹਤਿਕਾਰ ਵਿਚ ਇਕ ਪ੍ਰਕਾਰ ਦੀ ਹਉਂ ਹੁੰਦੀ ਹੈ। ਕੁਝ ਹੱਦ ਤੱਕ ਉਸਦੀ ਹਉਂ ਦਾ ਸਤਿਕਾਰ ਕਰਨਾ ਵੀ ਬਣਦਾ ਹੈ, ਜੇਕਰ ਆਲੋਚਕ ਦਾ ਕਾਰਜ ਵੀ ਆਪ ਹੀ ਸੰਭਾਲ ਲਿਆ ਜਾਵੇ ਅਤੇ ਉਸਨੂੰ ਅੱਖੋਂ ਉਹਲੇ ਕਰ ਦਿੱਤਾ ਜਾਵੇ ਤਾਂ ਇਹ ਵੀ ਉਚਿਤ ਗੱਲ ਨਹੀਂ ਹੋਵੇਗੀ। ਮਿੰਨੀ ਕਹਾਣੀ ਨੂੰ ਦਰਪੇਸ਼ ਚਨੌਤੀਆਂ ਵਿਚੋਂ ਇਕ ਚਨੌਤੀ ਇਹ

ਵੀ ਹੈ, ਜਿਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਉਹ ਆਪਣੀ ਤੂਤੀ ਵਜਾਉਣੀ ਬੰਦ ਕਰਕੇ ਆਲੋਚਕਾਂ ਦੀ ਵੀ ਸੁਣੇ ਅਤੇ ਉਨ੍ਹਾਂ ਨੂੰ ਇਸ ਵਿਧਾ ਜਾਂ ਸਾਹਿਤ ਰੂਪ ਬਾਰੇ ਕੁਝ ਕਹਿਣ ਲਈ ਪ੍ਰੇਰੇ। ਇਸ ਮੁੱਢਲੇ ਸਮੇਂ ਵਿਚ ਗੰਭੀਰ ਤੇ ਸੰਜੀਦਾ ਮਿੰਨੀ ਕਹਾਣੀ ਲੇਖਕਾਂ ਦਾ ਫਰਜ਼ ਬਣਦਾ ਹੈ ਕਿ ਉਹ ਵਧੀਆ ਤੇ ਉੱਤਮ ਰਚਨਾਵਾਂ ਦੀ ਸਿਰਜਣਾ ਕਰਨ। ਇਸ ਰੂਪਾਕਾਰ ਦੇ ਰਾਹੀਂ ਕੋਈ ਨਵੀਂ ਗੱਲ ਪੇਸ਼ ਕਰਨ,ਜਿਸ ਨਾਲ ਪਾਠਕ, ਆਲੋਚਕਾਂ ਤੇ ਬੁੱਧੀਜੀਵੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਜਾ ਸਕੇ।

ਮਿੰਨੀ ਸ਼ਬਦ ਅੰਗ੍ਰੇਜ਼ੀ ਦੇ Mini ਜਾਂ Minim ਤੋਂ ਲਿਆ ਗਿਆ ਹੈ। “Chambers English Dictionary” ਵਿਚ ਇਸਦਾ ਮਾਅਨਾ ਹੈ ਛੋਟਾ ਅਤੇ- 'Minim' ਦਾ ਅਰਥ ਹੈ ਤੁੱਛ, ਨਿਗੂਣੀ ਚੀਜ਼, ਪਿੱਦਾ, ਨਿਗੂਣਾ, ਅਤਿ ਨਿੱਕਾ, ਅਤਿ ਲਘੂ, ਬਹੁਤ ਛੋਟਾ। ਸਾਡੇ ਪੰਜਾਬੀ ਮਿੰਨੀ ਕਹਾਣੀਕਾਰਾਂ ਨੇ ਇਸ ਅੰਗ੍ਰੇਜ਼ੀ ਸ਼ਬਦ ਨੂੰ ਇਸ ਨਵੀਂ ਵਿਧਾ ਜਾਂ ਫਾਰਮ (form) ਲਈ ਪ੍ਰਚਲਿਤ ਕਰ ਲਿਆ ਹੈ, ਜਦੋਂ ਕਿ ਹਿੰਦੀ ਵਾਲਿਆਂ ਨੇ ਇਸੇ ਦਾ ਸਮਾਂਨਾਂਤਰ ਸ਼ਬਦ 'ਲਘੂ' ਰਖਿਆ ਹੈ। Mini ਸ਼ਬਦ ਵਿਚ ਅੰਗ੍ਰੇਜ਼ੀ ਦਾ ਇਕੋ "n" ਪੈਂਦਾ ਹੈ, ਦੋ ਨਹੀਂ ਪਰੰਤੂ ਪੰਜਾਬੀ ਵਾਲਿਆਂ ਇਸਦਾ ਤਤਸਮ ਰੂਪ ਮਿੰਨੀ (ਟਿੱਪੀ ਵਾਲਾ) ਬਣਾ ਲਿਆ ਹੈ, ਜੇਕਰ ਅੰਗ੍ਰੇਜ਼ੀ ਸ਼ਬਦ 'Minni' ਹੁੰਦਾ ਤਾਂ ਇਹ ਦਰੁੱਸਤ ਸੀ, ਪਰ ਹੁਣ ਟਿੱਪੀ ਪਾ ਕੇ ਸ਼ਬਦ ਮਿੰਨੀ ਪ੍ਰਚਲਿਤ ਕਰ ਲਿਆ ਗਿਆ ਹੈ ਜਾਂ ਹੋ ਗਿਆ ਹੈ।

ਆਧੁਨਿਕ ਪੰਜਾਬੀ ਮਿੰਨੀ ਕਹਾਣੀ ਹਿੰਦੀ, ਮਰਾਠੀ ਅਤੇ ਬੰਗਲਾ ਲਘੂ ਕਥਾ ਤੋਂ ਬਹੁਤ ਪ੍ਰਭਾਵਿਤ ਅਤੇ ਮੁਤਾਸਿਰ ਹੈ। ਚੂੰਕਿ ਉਹ ਪਹਿਲਾਂ ਦੀਆਂ ਹੋਂਦ ਵਿਚ ਆ ਚੁੱਕੀਆਂ ਸਨ। ਸਾਡੇ ਕੋਲ ਪੰਜਾਬੀ ਵਿਚ ਬਿਸ਼ਨ ਸਿੰਘ ਉਪਾਸ਼ਕ ਦੀ ਪੁਸਤਕ (ਚੋਂਭਾਂ) ਅਤੇ ਜਸਵੰਤ ਸਿੰਘ ਕੰਵਲ ਦੀ ਪੁਸਤਕ (ਜੀਵਨ ਕਣੀਆਂ) ਹੀ ਦੋ ਅਜਿਹੀਆਂ ਪੁਸਤਕਾਂ ਹਨ ਜੋ ਆਧੁਨਿਕ ਮਿੰਨੀ ਕਹਾਣੀ ਦਾ ਆਧਾਰ ਬਣ ਸਕੀਆਂ ਹਨ। ਭਾਵੇਂ ਇਨ੍ਹਾਂ ਤੋਂ ਛੁੱਟ ਹੋਰ ਬਹੁਤ ਸਾਰੇ ਲੇਖਕਾਂ ਨੇ ਫੁਟਕਲ ਵਿਚ ਇਸ ਪ੍ਰਕਾਰ ਦੇ ਪ੍ਰਯੋਗ ਕੀਤੇ ਸਨ ਪਰੰਤੂ ਉਨ੍ਹਾਂ ਲੇਖਕਾਂ ਨੇ ਆਪਣੇ ਕਹਾਣੀ ਸੰਗ੍ਰਹਿ ਦੇ ਨਾਲ ਸਭ ਤੋਂ ਪਿੱਛੇ ਕਰਕੇ ਅਜਿਹੇ ਛੋਟੇ ਛੋਟੇ ਵਿਚਾਰ ਦਰਜ ਕੀਤੇ ਹੁੰਦੇ ਸਨ। ਨਿਰੋਲ ਅਜਿਹੇ ਵਿਚਾਰ ਜਾਂ ਨਿੱਕੀਆਂ ਨਿੱਕੀਆਂ ਗੱਲਾਂ ਜਾਂ ਬਚਨਾਂ ਦੇ ਮੁਕੰਮਲ ਸੰਗ੍ਰਹਿ ਉਪਾਸ਼ਕ ਅਤੇ ਕੰਵਲ ਦੁਆਰਾ ਹੀ ਪੇਸ਼ ਕੀਤੇ ਗਏ ਸਨ। ਸਾਹਿਤ ਦਾ ਇਹ ਨਵਾਂ ਰੂਪ ਵਕਤ ਦੀ ਲੋੜ ਸੀ-ਮੰਗ ਸੀ, ਇਸਦਾ ਬੀਜ ਰੱਖਿਆ ਜਾ ਚੁੱਕਾ ਸੀ, ਜਿਸਨੇ ਇਕ ਨਾ ਇਕ ਦਿਨ ਫੁੱਟਣਾ ਹੀ ਸੀ, ਜੋ ਅਜੋਕੀ ਮਿੰਨੀ ਕਹਾਣੀ ਦਾ ਰੂਪ ਧਾਰ ਗਿਆ ਹੈ। ਇਸ ਬੂਟੇ ਤੇ ਕਿੰਨੇ ਹੀ

ਪਿਆਰੇ ਪਿਆਰੇ ਫੁੱਲ ਖਿੜ ਪਏ ਹਨ। ਇਹ ਵੱਖਰੀ ਗੱਲ ਹੈ ਕਿ ਕੁਝ ਫੁੱਲ ਸੁੰਦਰ ਦਿਲਕਸ਼, ਜ਼ਿਆਦਾ ਸਮਾਂ ਖਿੜੇ ਰਹਿਣ ਵਾਲੇ, ਜ਼ਿਅਦਾ ਖੁਸ਼ਬੋਆਂ ਖਿੰਡਾਣ ਵਾਲੇ, ਤੱਕੜੇ ਜੁੱਸੇ ਵਾਲੇ ਹੁੰਦੇ ਹਨ ਅਤੇ ਕੁਝ ਕਮਜ਼ੋਰ, ਥੋੜ-ਚਿਰੇ, ਛੇਤੀ ਮੁਰਝਾ ਜਾਣ ਵਾਲੇ ਛਿਣਭੰਗੁਰੇ ਹੁੰਦੇ ਹਨ। ਕਿਸੇ ਵੀ ਨਵੀਂ ਵਿਧਾ ਦੀ ਉਤਪਤੀ ਜਾਂ ਨਿਕਾਸ ਕਿਸੇ ਇਕ ਰਚਨਾਕਾਰ ਜਾਂ ਲੇਖਕ ਦੀ ਦੇਣ ਨਹੀ ਹੋਇਆ ਕਰਦੀ। ਇਹ ਇਕ ਸਮੂਹਿਕ ਯਤਨ ਹੀ ਹੋਇਆ ਕਰਦਾ ਹੈ।

ਕੁਝ ਵਿਦਵਾਨਾਂ ਦਾ ਮੱਤ ਇਹ ਹੈ ਕਿ ਮਿੰਨੀ ਕਹਾਣੀ ਦਾ ਬੀਜ-ਅੰਸ਼ ਜਨਮਸਾਖੀਆਂ 'ਚੋਂ ਮਿਲਦਾ ਹੈ, ਅਤੇ ਹੌਲੀ ਹੌਲੀ ਇਸਦਾ ਆਧੁਨਿਕ ਰੂਪ ਮਿੰਨੀ ਕਹਾਣੀ ਬਣ ਗਿਆ ਹੈ। ਪਰੰਤੂ ਇਹ ਗੱਲ ਜੱਚਦੀ ਨਹੀਂ, ਕਿਉਂਕਿ ਜਨਮਸਾਖੀਆਂ ਵਿਚ ਮੁੱਖ ਪਾਤਰ ਕੇਵਲ ਇਕੋ ਹੀ ਹੈ, ਜੋ ਹਰੇਕ ਸਾਖੀ ਵਿਚ ਨਿਰੰਤਰ ਵਿਦਮਾਨ ਰਹਿੰਦਾ ਹੈ, ਜਦੋਂ ਕਿ ਹਰੇਕ ਮਿੰਨੀ ਕਹਾਣੀ ਵਿਚ ਮੁੱਖ ਪਾਤਰ ਜਾਂ ਹੀਰੋ ਬਦਲਦਾ ਰਹਿੰਦਾ ਹੈ। ਕਦੇ ਉਹ ਚੰਗਾ ਹੁੰਦਾ ਹੈ ਕਦੇ ਮੰਦਾ, ਕਦੇ ਉਹ ਨਾਇਕ ਹੁੰਦਾ ਹੈ, ਕਦੇ ਖਲਨਾਇਕ ਹੁੰਦਾ ਹੈ, ਪਰੰਤੂ ਜਨਮਸਾਖੀਆਂ ਵਿਚ ਉਹ ਹਰ ਮੁਸੀਬਤ, ਹਰ ਮੁਸ਼ਕਿਲ, ਹਰ ਬਿਪਤਾ ਵਿਚੋਂ ਅੰਤ ਵਿਚ ਆਸਾਨੀ ਨਾਲ ਨਿਕਲ ਜਾਂਦਾ ਹੈ, ਉਹ ਕਦੇ ਅਸਫਲ ਨਹੀਂ ਹੁੰਦਾ ਉਹ ਕਦੇ ਹਾਰਦਾ ਨਹੀਂ, ਉਸਦੀ ਹਮੇਸ਼ਾ ਜਿੱਤ ਹੁੰਦੀ ਹੈ। ਦੂਜੇ ਪਾਸੇ ਮਿੰਨੀ ਕਹਾਣੀ ਵਿਚ ਉਹ ਕਦੇ ਕਾਮਯਾਬ ਅਤੇ ਕਦੇ ਨਾਕਾਮਯਾਬ ਰਹਿੰਦਾ ਹੈ। ਇਸੇ ਪ੍ਰਕਾਰ ਪੰਚਤੰਤਰ ਦੀਆਂ ਕਹਾਣੀਆਂ (ਜੋ ਮੂਲ ਰੂਪ ਵਿਚ ਪੰਜਾਬੀ ਅੰਦਰ ਨਹੀਂ ਹਨ) ਮਿੰਨੀ ਕਹਾਣੀ ਦਾ ਬੀਜ ਰੂਪ ਨਹੀਂ ਹੋ ਸਕਦੀਆਂ, ਕਿਉਂਕਿ ਉਸ ਵਿਚ ਇਕ ਕਹਾਣੀ ਵਿਚੋਂ ਦੂਜੀ ਕਹਾਣੀ ਨਿਕਲਦੀ ਰਹਿੰਦੀ ਹੈ, ਜਨਮ ਲੈਂਦੀ ਰਹਿੰਦੀ ਹੈ, ਇਕ ਨਿਰੰਤਰ ਲੜੀ ਚਲਦੀ ਰਹਿੰਦੀ ਹੈ ਕਹਾਣੀਆਂ ਦੀ। ਹਿਤੋਪਦੇਸ਼, ਹਿਕਾਇਤਾਂ (Anecdotes) ਟੋਟਕੇ, ਮਹਾਂਭਾਰਤ, ਈਸਪ ਦੀਆਂ ਕਹਾਣੀਆਂ ਆਦਿ ਵੀ ਮਿੰਨੀ ਕਹਾਣੀ ਦਾ ਬੀਜ ਰੂਪ (Prototype) ਨਹੀਂ ਅਖਵਾ ਸਕਦੀਆਂ। "Anecdotes are short pithy funny stories easily remembered and quickly told." (Stand- ard Dictionary of folklore Vol.I, p.46) ਇਹ ਕੁਝ ਹੱਦ ਤੱਕ ਹੀ ਮਿੰਨੀ ਕਹਾਣੀ ਨਾਲ ਮੇਲ ਖਾਂਦੀਆਂ ਹਨ ਕਿਉਂਕਿ ਇਹ ਆਕਾਰ ਪੱਖੋਂ ਛੋਟੀਆਂ ਹਨ, ਇਨ੍ਹਾਂ ਵਿਚ ਕੋਈ ਡੂੰਘੀ ਗੱਲ ਜਾਂ ਗੰਭੀਰ ਵਿਚਾਰ ਮੌਜੂਦ ਹੁੰਦਾ ਹੈ - ਕੋਈ ਸੁਨੇਹਾ ਜਾਂ ਸੰਦੇਸ਼

ਵਿਦਮਾਨ ਹੁੰਦਾ ਹੈ। ਇਸੇ ਪ੍ਰਕਾਰ ਹੀ ਪੁਰਾਣ ਕਥਾਵਾਂ, ਗੋਸ਼ਠਾਂ, ਨਸੀਹਤਨਾਮੇ, ਹੁਕਮਨਾਮੇ ਆਦਿ ਵੀ ਮਿੰਨੀ ਕਹਾਣੀ ਦਾ ਬੀਜ ਰੂਪ ਨਹੀਂ ਮੰਨੇ ਜਾ ਸਕਦੇ।

ਸਾਡੇ ਕੁਝ ਆਲੋਚਕ ਇਸ ਨਵੀਂ ਵਿਧਾ ਨੂੰ ਚੁਟਕਲੇ ਜਾਂ ਲਤੀਫ਼ੇ ਨਾਲ ਵੀ ਤੁਲਨਾਂਦੇ ਹਨ। ਮਿੰਨੀ ਕਹਾਣੀ ਪੜ੍ਹਕੇ ਪਾਠਕ ਅੰਦਰ ਗੰਭੀਰਤਾ ਦਾ ਅਹਿਸਾਸ ਹੁੰਦਾ ਹੈ, ਉਹ ਕੁਝ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ, ਜਦਕਿ ਚੁਟਕਲਾ ਜਾਂ ਲਤੀਫਾ ਪੜ੍ਹ ਸੁਣਕੇ ਹਾਸੇ ਦਾ ਅਨੁਭਵ ਹੁੰਦਾ ਹੈ, ਜੋ ਕਿ ਛਿਣ-ਭੰਗੂਰਾ ਅਹਿਸਾਸ ਹੁੰਦਾ ਹੈ, ਮਹਿਜ਼ ਟਾਈਮ ਪਾਸ ਕਰਨ ਲਈ। ਚੁਟਕਲਾ ਜਾਂ ਲਤੀਫ਼ਾ ਸਮੇਂ, ਸਥਾਨ ਵਿਚ ਫੈਲਦਾ ਨਹੀਂ, ਜਦੋਂਕਿ ਮਿੰਨੀ ਕਹਾਣੀ ਇਕ ਸਥਾਨ ਜਾਂ ਇਕ ਕਾਲ-ਬਿੰਦੂ ਤੋਂ ਦੂਜੇ ਕਾਲ ਬਿੰਦੂ ਤੱਕ ਫੈਲੀ ਹੁੰਦੀ ਹੈ। ਇਹ ਨਾ ਤਾਂ ਬੁਝਾਰਤਾਂ ਦਾ ਅਤੇ ਨਾ ਹੀ ਅੜਾਉਣੀ ਦਾ ਸਮਰੂਪ ਹੁੰਦੀ ਹੈ, ਇਹ ਇਕ ਵੱਖਰੀ ਤੇ ਸੁੰਤਤਰ ਸਿਨਫ਼ ਹੈ। ਇਸਦਾ ਉਕਤ ਰੂਪਾਂ ਨਾਲ ਕੋਈ ਸਰੋਕਾਰ ਨਹੀਂ। ਕਿਸੇ ਵਿਧਾ ਦਾ ਹਰਮਨ-ਪਿਆਰਾ ਜਾਂ ਲੋਕਪ੍ਰਿਯ ਹੋਣਾ ਹੋਰ ਗੱਲ ਹੈ, ਅਤੇ ਪਰਵਾਨਤ ਜਾਂ ਸਥਾਪਿਤ ਹੋਣਾ ਦੂਜੀ ਗੱਲ ਹੈ। ਮਿੰਨੀ ਕਹਾਣੀ ਵਿਚ ਹਾਸਰਸ ਤਾਂ ਗਵਾਰਾ ਨਹੀਂ ਕੀਤਾ ਜਾ ਸਕਦਾ, ਪਰੰਤੂ ਕਾਟਵਾਂ ਵਿਅੰਗ ਅਤੇ ਚੋਭ ਇਸਦਾ ਇਕ ਜ਼ਰੂਰੀ ਅਨੁਸ਼ਾਸਨ (Discipline) ਜਾਂ ਅੰਗ ਹੈ, ਕਿਉਂਕਿ ਇਸ ਰਾਹੀਂ ਸਮੱਸਿਆ ਦੀ ਨਿਰਪੱਖ ਚੀਰ-ਫਾੜ (Dissection) ਕਰਕੇ, ਉਸ ਵਿਚ ਪਏ ਵਿਸ਼ਾਦ ਅਤੇ ਵਿਸੰਗਤੀ ਨੂੰ ਬਾਹਰ ਲਿਆਉਣਾ ਜਾਂ ਪੇਸ਼ ਕਰਨਾ ਹੁੰਦਾ ਹੈ। ਜਿਸ ਮਿੰਨੀ ਕਹਾਣੀ ਵਿਚ ਕਟਾਕਸ਼ ਜਾਂ ਵਿਅੰਗ ਨਹੀਂ, ਉਹ ਕਦਾਚਿਤ ਮਿੰਨੀ ਕਹਾਣੀ ਕਹਿਲਾਉਣ ਦੀ ਹੱਕਦਾਰ ਨਹੀਂ। ਇਹ ਗੁਣ ਇਸਦੀ ਚੂਲ ਕਹੀ ਜਾ ਸਕਦੀ ਹੈ, ਜਿਵੇਂ ਕਥਾ-ਰਸ ਜ਼ਰੂਰੀ ਅਤੇ ਅਨਿਵਾਰੀ ਅੰਗ ਹੈ, ਉਵੇਂ ਹੀ ਵਿਅੰਗ ਵੀ ਲਾਜ਼ਮੀ ਗੁਣ ਹੈ। ਇਸਨੂੰ ਵਰਤਣ ਲਈ ਇਕ ਪੈਨੀ-ਨਜ਼ਰ (Laser Beams) ਚਾਹੀਦੀ ਹੈ। ਪਰੰਤੂ ਇਸਦਾ ਮਨੋਰਥ ਸਪੱਸ਼ਟ ਹੋਣਾ ਚਾਹੀਦਾ ਹੈ। ਕਿਉਂਕਿ ਇਸਦੇ ਸ਼ਬਦ ਥੋੜੇ ਹੁੰਦੇ ਹਨ, ਇਸ ਲਈ ਇਕ ਵੀ ਸ਼ਬਦ ਅਸਪੱਸ਼ਟ ਜਾਂ ਬੇਲੋੜਾ ਨਹੀਂ ਵਰਤਿਆ ਹੋਣਾ ਚਾਹੀਦਾ। ਧੁੰਦਲੇ ਜਾਂ ਅਸਪੱਸ਼ਟ (Vague) ਵਿਸ਼ੇ ਵੀ ਮਿੰਨੀ ਕਹਾਣੀ ਨਹੀਂ ਸਹਾਰ ਸਕਦੀ, ਕਿਉਂਕਿ ਇਸਨੇ ਥੋੜੇ ਸ਼ਬਦਾਂ ਵਿਚ ਬਹੁਤੀ ਗੱਲ ਕਰਨੀ ਹੁੰਦੀ ਹੈ, ਕੁੱਜੇ ਵਿਚ ਸਮੁੰਦਰ ਬੰਦ ਕਰਨਾ ਹੁੰਦਾ ਹੈ, ਇਕ ਧਮਾਕਾਖੇਜ਼ ਚੀਜ਼ ਪੇਸ਼ ਕਰਨੀ ਹੁੰਦੀ ਹੈ।

ਕੁਝ ਵਿਦਵਾਨਾਂ ਦਾ ਇਹ ਵੀ ਵਿਚਾਰ ਹੈ ਕਿ ਮਿੰਨੀ ਕਹਾਣੀ ਦੇ ਬੀਜ ਪੁਰਾਤਨ ਲੋਕ ਕਥਾਵਾਂ, ਭੰਡਾਂ ਅਤੇ ਨਕਲੀਆਂ ਦੀਆਂ ਨਕਲਾਂ ਵਿਚ ਵੀ ਵਿਦਮਾਨ ਹਨ। ਕਿਉਂ ਜੋ, ਕੁਝ ਲੋਕ-ਕਥਾਵਾਂ ਵਿਚ ਵੀ ਥੋੜੇ ਸ਼ਬਦਾਂ ਅੰਦਰ ਬਹੁਤ ਵੱਡੀ ਗੱਲ ਕਹੀ ਗਈ ਹੁੰਦੀ ਹੈ। ਭੰਡਾਂ-ਨਕਲੀਆਂ ਦੀਆਂ ਹਾਸ-ਭਰਪੂਰ ਤੇ ਵਿਅੰਗਮਈ ਗੱਲਾਂ ਵਿਚ ਵੀ ਇਕ ਚੋਭ, ਚੂੰਡੀ ਜਾਂ ਟਕੋਰ ਵਰਗੀ ਚੀਜ਼ ਮੌਜੂਦ ਹੁੰਦੀ ਹੈ, ਜਿਹੜੀ ਕਿ ਮਿੰਨੀ ਕਹਾਣੀ ਵਿਚ ਇਕ ਜ਼ਰੂਰੀ ਤੱਤ ਹੈ। ਇਸ ਗੱਲੋਂ ਇਨ੍ਹਾਂ, ਦੋਨਾਂ ਵਿਚ ਕੁਝ ਕੁ ਸਮਾਨਤਾ ਨਜ਼ਰੀਂ ਆਉਂਦੀ ਹੈ। ਮਿੰਨੀ ਕਹਾਣੀ ਵਿਚ ਅਖੀਰ ਤੇ ਇਕ ਧਮਾਕਾ ਜਾਂ ਘੁੰਡੀ ਜਾਂ ਮੋੜ ਜ਼ਰੂਰੀ ਹੈ, ਜਿਸ ਨਾਲ ਪੜ੍ਹਨ ਵਾਲਾ ਹੈਰਾਨ ਹੋ ਜਾਵੇ ਕਿ ਇਹ ਕੀ ਹੋ ਗਿਆ- ਮੈਂ ਤਾਂ ਅਜਿਹਾ ਸੋਚਿਆ ਜਾਂ ਕਿਆਸਿਆ ਹੀ ਨਹੀਂ ਸੀ। "A twist at the end", ਇਹ ਅੰਤ ਕੋਈ ਗ਼ੈਰ-ਸੁਭਾਵਿਕ (unnatural) ਜਾਂ ਨਾਮੰਨਣਯੋਗ ਅਸੰਭਵ ਨਜ਼ਰੀਂ ਨਹੀਂ ਆਉਣਾ ਚਾਹੀਦਾ। ਸਗੋਂ ਸੁਭਾਵਕ, ਸੰਭਵ ਜਾਂ ਮੰਨਣਯੋਗ ਦਿਸਣਾ ਚਾਹੀਦਾ ਹੈ।

ਪੰਜਾਬੀ ਦੇ ਇਕ ਮਿੰਨੀ-ਕਹਾਣੀ ਆਲੋਚਕ ਡਾ: ਅਨੂਪ ਸਿੰਘ ਅਨੁਸਾਰ “ਸਮੂਹਿਕ ਬੁੱਧੀ ਵਿਕਾਸ ਮਿੰਨੀ ਕਹਾਣੀ ਦੇ ਨਿਕਾਸ ਵਿਚ ਸਹਾਈ ਹੋਇਆ ਹੈ। ਇਸਦੇ ਬੀਜ ਪੰਜਾਬੀ ਵਿਚ ਸਾਖੀ ਸਾਹਿਤ ਰੂਪਾਂ ਵਿਚੋਂ ਲੱਭੇ ਜਾ ਸਕਦੇ ਹਨ। ਇਸਦਾ ਨਿਕਾਸ ਲੋਕ ਕਥਾਵਾਂ ਜਾਂ ਉਪਦੇਸ਼ਕ ਕਥਾਵਾਂ ਨਾਲ ਹੋਇਆ, ਜਿਨ੍ਹਾਂ ਦਾ ਉਦੇਸ਼, ਉਪਦੇਸ਼ ਜਾਂ ਸੁਝਾਅ ਦੇਣਾਂ ਸੀ। ਨੀਤੀ ਕਥਾ ਅਤੇ ਵਿਅੰਗ ਕਥਾ ਇਸਦੇ ਅਗਲੇ ਵਿਕਾਸ ਪੜਾਅ ਮੰਨੇ ਜਾਂਦੇ ਹਨ। ਇਨ੍ਹਾਂ ਦਾ ਆਧੁਨਿਕ ਰੂਪ ਮਿੰਨੀ ਕਹਾਣੀ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਇਹ ਸਾਹਿਤ ਰੂਪ ਵਿਚ ਸੱਤਵੇਂ ਦਹਾਕੇ ਦੇ ਆਰੰਭ ਵਿਚ ਪ੍ਰਚਲਿਤ ਹੁੰਦਾ ਹੈ। ਪੰਜਾਬੀ ਵਿਚ ਇਸਦੇ ਨਿਕਾਸ ਤੋਂ ਪਹਿਲਾਂ ਮਿੰਨੀ ਕਹਾਣੀ, ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਲਿਖੀ ਜਾਣੀ ਆਰੰਭ ਹੋ ਚੁੱਕੀ ਸੀ। ਇਸ ਤਰ੍ਹਾਂ ਦੁਨੀਆਂ ਦੀਆਂ ਸਾਹਿਤਕ ਵਿਧਾਵਾਂ ਵਾਂਗ ਪੰਜਾਬੀ ਮਿੰਨੀ ਕਹਾਣੀ ਵੀ ਦੂਜੀਆਂ ਵਿਕਸਤ ਭਾਰਤੀ ਭਾਸ਼ਾਵਾਂ ਦੇ ਪ੍ਰਭਾਵ ਤਹਿਤ ਵਿਕਸਤ ਹੋਈ।” ਡਾ: ਅਨੂਪ ਸਿੰਘ ਦੀ ਇਸ ਗੱਲ ਨਾਲ ਤਾਂ ਸਹਿਮਤ ਹੋਇਆ ਜਾ ਸਕਦਾ ਹੈ ਕਿ ਮਿੰਨੀ ਕਹਾਣੀ ਦੇ ਬੀਜ ਅੰਸ਼ ਸਾਖੀ ਸਾਹਿਤ ਜਾਂ ਲੋਕ ਸਾਹਿਤ 'ਚੋਂ ਹੁੰਦੇ ਹੋਏ ਨੀਤੀ ਕਥਾਵਾਂ ਅਤੇ ਵਿਅੰਗ ਕਥਾਵਾਂ ਵਿਚੋਂ ਲੱਭੇ ਜਾ ਸਕਦੇ ਹਨ। ਲੇਕਿਨ ਕੀ ਇਹ ਗੱਲਾਂ ਕੇਵਲ ਮਿੰਨੀ ਕਹਾਣੀ ਉੱਤੇ ਹੀ ਢੁੱਕਦੀਆਂ ਹਨ, ਕੀ ਇਹ ਗਲਪ ਦੇ ਹੋਰ ਰੂਪਾਂ ਜਿਵੇਂ ਨਿੱਕੀ ਕਹਾਣੀ, ਲੰਮੀ ਕਹਾਣੀ ਜਾਂ ਨਾਵਲੈੱਟ

ਉੱਤੇ ਨਹੀਂ ਢੁੱਕਦੀਆਂ। ਅਸੀਂ ਸਾਖੀ ਸਾਹਿਤ ਤੱਕ ਪਹੁੰਚ ਤਾਂ ਜਾਂਦੇ ਹਾਂ ਪਰੰਤੂ 'ਸਵੀਪਿੰਗ ਸਟੇਟਮੈਂਟ' ਦੇ ਕੇ ਗੱਲ ਵਿੱਚੇ ਹੀ ਛੱਡ ਦਿੰਦੇ ਹਾਂ ਕਿ ਸਾਖੀ ਸਾਹਿਤ ਵਿਚੋਂ ਇਸਦੇ ਬੀਜ ਅੰਸ਼ ਦੇਖੇ ਜਾਂ ਲੱਭੇ ਜਾ ਸਕਦੇ ਹਨ। ਜਿਵੇਂ ਹਰੇਕ ਫੁੱਲ ਜਾਂ ਫੁੱਲ ਦੇ ਬੀਜ ਇਕ ਨਹੀਂ ਹੋਇਆ ਕਰਦੇ, ਉਵੇਂ ਹੀ ਹਰੇਕ ਸਾਹਿਤਕ ਵਿਧਾ ਦੇ ਬੀਜ ਇਕ ਨਹੀਂ ਹੋ ਸਕਦੇ।

ਨਿਰਸੰਦੇਹ, ਮਿੰਨੀ ਕਹਾਣੀ ਸਾਹਿਤ ਦੀ ਇਕ ਨਵੀਂ ਵੰਨਗੀ ਹੈ, ਪਰੰਤੂ ਇਸ ਵਿਚ ਕਟਾਕਸ਼, ਤਨਜ਼ ਦਾ ਖਾਸ ਮਹੱਤਵ ਹੋਣ ਕਾਰਣ ਇਹ ਲਤੀਫੇ, ਚੁਟਕਲੇ ਜਾਂ ਮਸ਼ਕਰੀ ਨਾਲੋਂ ਬਿਲਕੁਲ ਭਿੰਨ ਹੈ ਅਤੇ ਉਸ ਤੋਂ ਨਿਸ਼ਚੇ ਹੀ ਉੱਪਰ ਹੈ। ਕੁਝ ਅਖੌਤੀ ਆਲੋਚਕ ਇਸਨੂੰ ਲਤੀਫੇ ਤੇ ਬਰਾਬਰ ਰੱਖਕੇ ਪਰਖੀ ਜਾਂ ਤੋਲੀ ਜਾ ਰਹੇ ਹਨ। ਪਰੰਤੂ ਇਹ ਬਿਲਕੁਲ ਗ਼ਲਤ ਵਿਸ਼ਲੇਸ਼ਣ ਹੈ। ਉਨ੍ਹਾਂ ਅਨੁਸਾਰ ਇਸਦੀ ਕੋਈ ਵੱਖਰੀ ਸਾਹਿਤਕ ਹੋਂਦ ਨਹੀਂ, ਇਹ ਲਤੀਫੇ ਦਾ ਹੀ ਰੂਪ ਹੈ ਉਸ ਤੋਂ ਅੱਡ ਨਹੀਂ। ਇਹ ਬਿਲਕੁਲ ਤਰਕਰਹਿਤ, ਬਚਕਾਨਾ ਅਤੇ ਫਾਹਸ਼ ਕਿਸਮ ਦੇ ਬਿਆਨ ਹਨ। ਜਿਵੇਂ ਕੋਈ ਵਿਅਕਤੀ ਕਹੀ ਜਾਵੇ "ਮੈਂ ਰੱਬ ਨੂੰ ਨਹੀਂ ਮੰਨਦਾ, ਰੱਬ-ਰੁੱਬ ਕੁਝ ਨਹੀਂ ਹੈ।" ਪਰੰਤੂ ਉਹ ਇਹ ਵਾਕ ਕਹਿੰਦਾ ਹੋਇਆ ਵੀ ਦੋ ਵਾਰ 'ਰੱਬ' ਸ਼ਬਦ ਦਾ ਪ੍ਰਯੋਗ ਕਰ ਜਾਂਦਾ ਹੈ, ਜਿਸ ਤੋਂ ਸਾਫ ਜ਼ਾਹਿਰ ਹੈ ਕਿ ਉਸਦੇ ਸੁਚੇਤ ਜਾਂ ਅਚੇਤ ਮਨ ਵਿਚ ਉਸਦੀ ਹੋਂਦ ਬਰਕਰਾਰ ਹੈ। ਬਿਲਕੁਲ ਇਹੀ ਗੱਲ- ਮਿੰਨੀ ਕਹਾਣੀ ਤੇ ਢੁੱਕਦੀ ਹੈ। ਆਲੋਚਕ ਅਤੇ ਪਾਠਕ ਸਭ ਤੋਂ ਪਹਿਲਾਂ ਪੜ੍ਹਨਗੇ ਵੀ ਇਸੇ ਨੂੰ ਪਰ ਸਭ ਤੋਂ ਵੱਧ ਭੰਡਣਗੇ ਵੀ ਇਸੇ ਨੂੰ ਹੀ। ਅਜੋਕੇ ਸਮਿਆਂ ਵਿਚ ਇਹ ਦੋਗਲੀ ਨੀਤੀ ਹਰ ਥਾਂ ਚਲ ਰਹੀ ਹੈ, ਇਸਨੇ ਸਾਹਿਤ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦਿੱਤਾ ਹੈ।

ਐਲਮਟੇਰ ਟਊਲਰ ਅਨੁਸਰ "ਹਰੇਕ ਰੂਪ ਵਿਧਾ ਦੇ ਤਿੰਨ ਸਿਧਾਂਤਕ ਪੜਾਅ ਹੁੰਦੇ ਹਨ। ਪਹਿਲੇ ਪੜਾਅ ਦੀ ਵਿਸ਼ੇਸ਼ ਵਿਆਖਿਆ ਅਜੇ ਹੋਂਦ 'ਚ ਨਹੀਂ ਆਉਂਦੀ। ਇਹ ਪ੍ਰਾਪਤ ਰੂਪ ਦੇ ਕੁਝ ਕੁ ਲੱਛਣਾ ਦੇ ਆਧਾਰ 'ਤੇ ਨਿਰਧਾਰਿਤ ਹੋਣ ਵੱਲ ਰੁਚਿਤ ਰਹਿੰਦੀ ਹੈ। ਦੂਸਰੇ ਪੜਾਅ ਵਿਚ ਇਹ ਆਲੋਚਕਾਂ ਦਾ ਵਿਸ਼ਾ ਬਣਦੀ ਹੈ। ਤੀਸਰੇ ਪੜਾਅ ਵਿਚ ਆਲੋਚਨਾ ਰੂਪ$ਵਿਧਾ ਦੀਆਂ ਤਬਦੀਲੀਆਂ ਦੀ ਪਛਾਣ ਕਰਦੀ ਹੈ", ਮਿੰਨੀ ਕਹਾਣੀ ਇਸ ਅਸਲ ਵਿਚ ਇਹ ਇਕ ਦੂਜੇ ਕੋਲੋਂ ਪ੍ਰਭਾਵਤ ਜ਼ਰੂਰ ਹਨ ਪਰ ਇਕ ਦੂਜੇ ਵਿਚੋਂ ਨਿਕਲੀਆਂ ਨਹੀਂ। ਇਸ ਬਾਰੇ ਇਨ੍ਹਾਂ ਦੀਆਂ ਸਾਂਝਾਂ ਅਤੇ ਵੱਖਰੇਵਿਆਂ ਤੋਂ ਸਹਿਜੇ ਹੀ ਅਨੁਮਾਨ ਲਾਇਆ। ਜਾ ਸਕਦਾ ਹੈ।

ਕਈ ਆਲੋਚਕਾਂ ਦਾ ਇਹ ਵੀ ਮੱਤ ਹੈ ਕਿ ਮਿੰਨੀ ਕਹਾਣੀ ਬੁਝਾਵਲ ਕਥਾਵਾਂ (Riddles) ਦੇ ਨੇੜੇ ਹੈ, ਇਹ ਪੂਰੀ ਉਚਿੱਤ ਨਹੀਂ ਕਿਹਾ ਜਾ ਸਕਦਾ। ਡਾ. ਕਰਨੈਲ ਸਿੰਘ ਥਿੰਦ ਦਾ ਕਥਨ ਹੈ "ਹਕਾਇਤਾਂ ੳ (Anecdotes) ਅਲੁਫ ਲੈਲਾ, ਸਿੰਘਾਸਨ ਬਤੀਸੀ ਆਦਿ ਵਧੇਰੇ ਕਥਾਵਾਂ ਇਸੇ ਪ੍ਰਕਾਰ (ਮਿੰਨੀ ਕਹਾਣੀ) ਦੀਆਂ ਹਨ।" ਉਰਦੂ ਵਿਚ ਕ੍ਰਿਸ਼ਨ ਚੰਦਰ ਦੇ "ਮਜ਼ਾਹੀਆਂ ਅਫ਼ਸਾਨੇ" ਅਤੇ ਮੰਟੋ ਦੇ "ਸਿਆਹ ਹਾਸ਼ੀਏ" ਮਿੰਨੀ ਕਹਾਣੀ ਹੀ ਜਾਪਦੇ ਹਨ। ਭਾਈ ਮਨੀ ਸਿੰਘ ਰਚਿਤ "ਪੁਰਾਤਨ ਜਨਮ ਸਾਖੀਆਂ" "ਗਿਆਨ ਰਤਨਾਵਲੀ ਅਤੇ ਭਗਤ ਰਤਨਾਵਲੀ" ਨੂੰ ਵੀ ਆਧੁਨਿਕ ਮਿੰਨੀ ਕਹਾਣੀ ਦਾ ਬੀਜ ਰੂਪ ਕਿਹਾ ਜਾਂਦਾ ਹੈ। ਸਾਖੀਆਂ ਕੁੱਝ ਨਿੱਕੀਆਂ ਹਨ, ਕੁੱਝ ਵੱਡੀਆਂ। ਜੋ ਆਕਾਰ ਦੇ ਪੱਖ ਤੋਂ ਮਿੰਨੀ ਕਹਾਣੀ ਦੇ ਚੌਖਟੇ ਵਿਚ ਫਿੱਟ ਨਹੀਂ ਬੈਠਦੀਆ। ਜਨਮਸਾਖੀਆਂ ਨੂੰ ਨਾਵਲ ਜਾਂ ਨਾਵਲੈੱਟ ਦਾ ਬੀਜ ਰੂਪ ਤਾਂ ਮੰਨਿਆ ਜਾ ਸਕਦਾ ਹੈ। ਕਿਉਂਕਿ ਇਸਦਾ ਮੁੱਖ ਪਾਤਰ ਇਕੋ ਹੀ ਹੁੰਦਾ ਹੈ ਅਤੇ ਉਹ ਹਰੇਕ ਸਾਖੀ ਵਿਚ ਨਾਇਕ ਹੀ ਰਹਿੰਦਾ ਹੈ। ਇਸ ਕਰਕੇ ਇਨ੍ਹਾਂ ਨੂੰ ਮਿੰਨੀ ਕਹਾਣੀ ਦਾ ਬੀਜ ਰੂਪ (Prototype) ਨਹੀਂ ਮੰਨਿਆ ਜਾ ਸਕਦਾ। ਕੁਝ ਵਿਦਵਾਨ ਇਸਨੂੰ ਅੰਗ੍ਰਜ਼ੀ ਦੇ ਪ੍ਰਸਿੱਧ ਰਸਾਲੇ (Reader's Digest) ਵਿਚ ਛਪਦੇ ਕਾਲਮ 'Life is like that' ਦੇ ਛੋਟੇ ਛੋਟੇ ਦਿਲਚਸਪ ਟੋਟਕਿਆਂ ਨਾਲ ਤੁਲਨਾਂ ਦੇਂਦੇ ਹਨ, ਉਨ੍ਹਾਂ ਨਾਲ ਮਿਲਦੀ-ਜੁਲਦੀ ਚੀਜ਼ ਦੱਸਦੇ ਹਨ। ਕੁਝ ਹੋਰਾਂ ਦਾ ਵਿਚਾਰ ਹੈ ਕਿ ਇਨ੍ਹਾਂ ਦਾ ਬੀਜ ਅੰਸ਼ ਅਖਬਾਰਾਂ$ਰਸਾਲਿਆਂ ਵਿਚ ਛੱਪਦੇ (Fillers) (ਫਿਲਰਜ਼) ਜਾਂ 'ਭਰਤੀ' ਵਿਚੋਂ ਲੱਭੇ ਜਾ ਸਕਦੇ ਹਨ। ਜਦੋਂ ਵੀ ਕੋਈ ਜਗ੍ਹਾ ਖਾਲੀ ਰਹਿ ਜਾਂਦਾ ਹੈ ਜਾਂ ਬਚ ਜਾਂਦੀ ਹੈ ਤਾਂ ਉਥ ਥਾਂ ਤੇ ਕੋਈ ਟੋਟਕਾ, ਕੋਈ ਸ਼ੇਅਰ, ਕੋਈ ਰੁਬਾਈ, ਕੋਈ ਪ੍ਰਵਚਨ ਜਾਂ ਕੋਈ ਲਤੀਫ਼ਾ ਲਗਾ ਦਿੱਤਾ ਜਾਂਦਾ ਹੈ, ਭਰਤੀ ਕਰਨਾ ਵਜੋਂ ਅਰਥਾਤ ਖਾਨਾਪੂਰਤੀ ਵਜੋਂ। ਉਹ ਐਸੀ ਗੱਲ ਹੁੰਦੀ ਹੈ ਜੋ ਪਾਠਕ ਨੂੰ ਆਕਰਸ਼ਿਤ ਵੀ ਕਰਦੀ ਹੈ ਅਤੇ ਗਿਆਨਵਰਧਕ ਵੀ ਹੁੰਦੀ ਹੈ ਅਤੇ ਉਹ ਇਸਨੂੰ ਪੜ੍ਹਦਾ ਵੀ ਸਭ ਤੋਂ ਪਹਿਲਾਂ ਹੈ। ਉਹ ਥੋੜੇ 'ਚ ਬਹੁਤਾ ਕੁਝ ਹਾਸਿਲ ਕਰਨਾ ਲੋਚਦਾ ਹੈ। ਉਸ 'ਭਰਤੀ' ਜਾਂ 'ਫਿਲਰਾਂ' ਵਿਚ ਵੀ ਕੁਝ ਗਹਿਰ-ਗੰਭੀਰ ਗੱਲਾਂ ਹੁੰਦੀਆਂ ਹਨ ਕਿ ਪੜ੍ਹਨ ਵਾਲਾ ਉਨ੍ਹਾਂ ਨੂੰ ਵੱਡੀ ਰਚਨਾ ਨਾਲੋਂ ਵਧੇਰੇ ਮਹੱਤਤਾ ਦਿੰਦਾ ਹੈ ਤੇ ਚੰਗੀਆਂ ਗੱਲਾਂ ਨੂੰ ਡਾਇਰੀ ਵਿਚ ਨੋਟ ਵੀ ਕਰ ਲੈਂਦਾ ਹੈ।

'ਮਿੰਨੀ' ਸ਼ਬਦ ਦਾ ਸਮਾਨਾਰਥਕ ਸ਼ਬਦ ਛੋਟਾ, ਸੂਖਮ, ਨਿੱਕਾ, ਬੌਣਾ ਆਦਿ ਹੈ। ਹਿੰਦੀ ਵਿਚ ਸਭ ਤੋਂ ਨਿੱਕੀ ਕਹਾਣੀ ਲਈ ਸ਼ਬਦ 'ਬਿੰਦੂ ਕਹਾਣੀ' ਵਰਤਿਆ ਜਾਂਦਾ ਹੈ,

ਜਿਹੜਾ ਮਿੰਨੀ ਕਹਾਣੀ ਦੇ ਵਾਰਤਾਲਾਪੀ ਅਥਵਾ ਨਾਟਕੀ ਤੱਤਾਂ, ਪ੍ਰਤੀਕਾਂ, ਗਲਪੀ ਬਿੰਬਾਂ, ਭਾਸ਼ਾਈ ਜੁਗਤਾਂ, ਸ਼ਿਲਪ ਵਿਧੀਆਂ ਅਤੇ ਹੋਰ ਸੰਚਾਰ ਪ੍ਰਬੰਧਾਂ ਉੱਤੇ ਨਿਰੰਤਰ ਪ੍ਰਭਾਵ ਪਾਉਂਦਾ ਹੈ। ਮਿੰਨੀ ਸ਼ਬਦ ਵਿਚ ਹੀ ਇਸ ਸਿਨਫ਼ ਦਾ ਸਮੁੱਚ ਸਮੋਇਆ ਪਿਆ ਹੈ। ਕੁਝ ਆਲੋਚਕਾਂ ਅਤੇ ਬੁੱਧੀਜੀਵੀਆਂ ਵਲੋਂ ਇਸ ਨਾਂ ਉਤੇ ਵੀ ਕਿੰਤੂ ਕੀਤਾ ਜਾਂਦਾ ਹੈ ਕਿ ਇਹ ਅੰਗ੍ਰੇਜ਼ੀ ਸ਼ਬਦ Mini ਜਾਂ Minim ਤੋਂ ਲਿਆ ਗਿਆ ਹੈ, ਜਦੋਂ ਕਿ ਇਸਦਾ ਕੋਈ ਢੁੱਕਵਾਂ ਪੰਜਾਬੀ ਸ਼ਬਦ ਲਿਆ ਜਾ ਸਕਦਾ ਸੀ। ਕੁਝ ਇਸਨੂੰ ਮਿੰਨ੍ਹੀ ਸ਼ਬਦ ਤੋਂ ਨਿਕਲਿਆ ਦੱਸਦੇ ਹਨ, ਜਿਸਦਾ ਭਾਵ ਹੈ ਮੀਣਾ ਜਾਂ ਮੀਸਣਾ ਆਦਿ। ਇਹ ਵੱਖ ਵੱਖ ਧਾਰਨਾਵਾਂ (Interpretations) ਹਨ। ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਅਜੇ ਤੱਕ ਇਸਦੇ ਨਾਮ ਬਾਰੇ ਕਿੰਤੂ-ਪ੍ਰੰਤੂ ਉਠਾਏ ਜਾ ਰਹੇ ਹਨ। ਜਦ ਕਿ ਇਸ ਉਸ ਪੜਾਅ ਨੂੰ ਕਾਫੀ ਚਿਰ ਪਹਿਲਾਂ ਤੈਅ ਕਰ ਚੁੱਕੀ ਹੈ। ਪਿੱਛੇ ਮੁੜਕੇ ਦੇਖਣ ਦਾ ਹੁਣ ਕੋਈ ਲਾਭ ਨਜ਼ਰੀਂ ਨਹੀਂ ਆਉਂਦਾ। ਇਹ ਨਾਂ ਹੁਣ ਹਰਮਨਪਿਆਰਾ ਅਤੇ -ਪ੍ਰਚਲਿਤ ਹੋ ਚੁੱਕਾ ਹੈ। ਇਸ ਪ੍ਰਕਾਰ ਦੀ ਬਹਿਸ ਜਾਂ ਕਿੰਤੂ-ਪ੍ਰੰਤੂ ਹਰੇਕ ਵਿਧਾ ਜਾਂ ਰੂਪ ਦੇ ਸ਼ੁਰੂ ਜਾਂ ਅਰੰਭਲੇ ਸਮੇਂ ਵਿਚ ਕੀਤੇ ਜਾਣੇ ਹੁੰਦੇ ਹਨ, ਮਗਰੋਂ ਨਹੀਂ, ਜਦੋਂ ਵੀ ਕੋਈ ਪੜੇ ਚਾਰ ਬੰਦਿਆਂ ਤੋਂ ਬਾਅਦ ਪੰਜਵਾਂ ਆਕੇ ਉਨ੍ਹਾਂ ਵਿਚ ਰਲਦਾ ਹੈ ਤਾਂ ਕੁਝ ਦੇਰ ਉਹ ਸਾਰਿਆਂ ਨੂੰ ਉਪਰਾ-ਉਪਰਾ ਜਿਹਾ ਲਗਦਾ ਹੈ, ਭਾਵੇਂ ਮਗਰੋਂ ਉਹ ਵੀ ਆਪਣੀ ਗੱਲਬਾਤ ਰਾਹੀ ਉਨ੍ਹਾਂ ਵਿਚ ਹੀ ਰੱਚ-ਮਿੱਚ ਜਾਂਦਾ ਹੈ। ਉਨ੍ਹਾਂ ਦਾ ਹੀ ਇਕ ਅੰਗ ਬਣ ਜਾਂਦਾ ਹੈ, ਇਹੀ ਗੱਲ ਨਵੀ ਵਿਧਾ ਜਾਂ ਫਾਰਮ (form) ਦੀ ਹੁੰਦੀ ਹੈ। ਉਸਨੂੰ ਵੀ ਵਿਅੰਗ ਜਾਂ ਤਨਜ਼ ਦੇ ਬਾਣ ਸਹਿਣੇ ਪੈਂਦੇ ਹਨ। ਹੌਲੀ ਹੌਲੀ ਉਹ ਵੀ ਉਨ੍ਹਾਂ ਦਾ ਹੀ ਇਕ ਹਿੱਸਾ ਬਣ ਜਾਂਦੀ ਹੈ ਅਤੇ ਉਸਨੂੰ ਕਬੂਲ (recognize) ਕਰ ਲਿਆ ਜਾਂਦਾ ਹੈ ਪਰੰਤੂ ਉਸਨੂੰ ਮਾਨਤਾ ਮਿਲਣ ਵਿਚ ਸਮਾਂ ਜ਼ਰੂਰ ਲਗਦਾ ਹੈ।

ਮਿੰਨੀ ਕਹਾਣੀ ਦੇ ਇਕ ਵੱਖਰੇ ਅਨੁਸ਼ਾਸਨ ਸਬੰਧੀ ਪਰਖ ਕਰਨ ਲਈ ਇਕ ਗੱਲ ਵੇਖਣੀ ਬਣਦੀ ਹੈ ਕਿ ਇਸ ਅੰਦਰ ਜੀਵਨ ਦੀਆਂ ਵਿਸੰਗਤੀਆਂ ਨਾਲ ਸੰਘਰਸ਼ ਕਰਦੇ ਹੋਏ ਕਿਸੇ (ਡਿਸਿਪਲਿਨ) ਅਨੁਸ਼ਾਸਨ ਦੀ ਅਭਿਵਿਅਕਤੀ ਹੁੰਦੀ ਜਾਂ ਨਹੀਂ, ਇਹ ਕੋਈ ਵੱਖਰਾ ਡਸਿਪਿਲਿਨ ਬਣਦੀ ਵੀ ਹੈ ਕਿ ਨਹੀਂ। ਇਹ ਚੁਟਕਲੇ ਨਾਲੋਂ ਵੱਖਰੀ ਹੈ, ਕਿਉਂ ਜੋ ਇਸ ਅੰਦਰ ਨਿਰੋਲ ਹਾਸਾ ਜਾਂ ਮਜ਼ਾਕ ਹੀ ਨਹੀਂ ਹੁੰਦਾ, ਸਗੋਂ ਇਸ ਵਿਚ ਵਿਅੰਗ ਅਤੇ ਗੰਭੀਰਤਾ ਦੇ ਗੁਣ ਮੁਖ ਰੂਪ ਵਿਚ ਸ਼ਾਮਿਲ ਹੁੰਦੇ ਹਨ। ਇਹ ਬੁਝਾਵਲ, ਬੁਝਾਰਤ ਜਾਂ ਅੜਾਉਣੀ ਨਾਲੋਂ

ਵੀ ਭਿੰਨ ਹੈ। ਅਗਲੇ ਨੂੰ ਭੰਬਲਭੂਸੇ ਵਿਚ ਪਾਉਣ ਲਈ, ਇਸ ਅੰਦਰ ਗੱਲ ਨੂੰ ਲਟਕਾਉਣ ਜਾਂ ਅਖੀਰ ਤੇ ਬੁੱਝਣ ਜਾਂ ਦਿਮਾਗੀ ਕਸਰਤ ਨਹੀਂ ਕਰਵਾਈ ਜਾਂਦੀ। ਇਸ ਲਈ ਇਸਨੂੰ ਇਕ ਵੱਖਰਾ ਡਸਿਪਿਲਿਨ, ਇਕ ਅੱਡ ਸਿਨਫ਼ ਆਖਿਆ ਜਾ ਸਕਦਾ ਹੈ। ਡਾ. ਵਣਜਾਰਾ ਬੇਦੀ ਅਨੁਸਾਰ- "ਵੈਸੇ ਚੁਟਕਲਾ ਕਹਾਣੀ ਨਾਲੋਂ ਭਿੰਨ ਜ਼ਰੂਰ ਹੈ, ਕਿਉਂ ਜੋ ਇਹ ਸਮੇਂ-ਸਥਾਨ ਵਿੱਚ ਫੈਲਦਾ ਨਹੀਂ। ਇਸਦੀ ਗਤੀ ਇਕ ਕਾਲ ਬਿੰਦੂ ਤੋਂ ਦੂਜੇ ਕਾਲ ਬਿੰਦੂ ਜਾਂ ਇਕ ਸਥਾਨ ਤੋਂ ਦੂਜੇ ਸਥਾਨ ਤੱਕ ਪਸਰੀ ਨਹੀਂ ਹੁੰਦੀ।" (ਮਧਕਾਲੀ ਪੰਜਾਬੀ ਕਥਾ ਰੂਪ)

ਮਿੰਨੀ ਕਹਾਣੀ ਸਮੇਂ ਅਤੇ ਸਥਾਨ ਵਿਚ ਫੈਲਦੀ ਹੈ, ਇਸਦਾ ਘੇਰਾ ਸਾਰੀ ਦੁਨੀਆਂ ਜਾਂ ਲੋਕਾਈ ਹੈ ਅਤੇ ਇਸਦਾ ਪਸਾਰਾ ਬੜਾ ਵਿਸ਼ਾਲ ਹੈ। ਇਹ ਇਕ ਗਤੀਸ਼ੀਲ ਪ੍ਰਵਾਹ ਜਾਂ ਵਹਿਣ ਹੈ। ਮਿੰਨੀ ਕਹਾਣੀ ਸਿਰਫ ਮਨੋਰੰਜਨ ਦਾ ਸਥਾਨ ਜਾਂ ਸਾਮਾਨ ਨਹੀਂ ਜਾਂ ਟਾਈਮ ਪਾਸ ਕਰਨ ਦੀ ਵਸਤੂ ਹੀ ਨਹੀਂ; ਜਿਵੇਂ ਕਿ ਫਿਲਮੀ ਰਸਾਲੇ, ਲਤੀਫੇ, ਅਖ਼ਬਾਰ ਲੱਚਰ ਸਾਹਿਤ ਆਦਿ। ਇਸਨੂੰ ਪੜ੍ਹਨ ਤੋਂ ਬਾਅਦ ਪਾਠਕ ਗੰਭੀਰ ਹੋ ਜਾਂਦਾ ਹੈ ਅਤੇ ਉਸਨੂੰ ਇਹ ਸੋਚਣ ਤੇ ਮਜ਼ਬੂਰ ਕਰ ਦਿੰਦੀ ਹੈ। ਉਸਦੀ ਸੋਚ ਨੂੰ, ਉਸਦੀ ਬੁੱਧੀ ਨੂੰ ਤੀਖਣ ਕਰ ਦਿੰਦੀ ਹੈ।

"ਅਜੋਕੀ ਮਿੰਨੀ ਕਹਾਣੀ ਤਣਾਉ ਤੋਂ ਤਣਾਉ ਤੱਕ ਦੀ ਯਾਤਰਾ ਹੈ। ਉਸਨੂੰ ਪੜ੍ਹਕੇ ਪਾਠਕ ਸਹਿਜ ਨਾ ਰਹੇ। ਪਲ ਦੀ ਪਲ ਉਹ ਉਸਨੂੰ ਵਿਚਲਿਤ ਕਰ ਜਾਵੇ।" (ਡਾ. ਜੋਗਿੰਦਰ ਨਿਰਾਲਾ)। ਇਸ ਟਿੱਪਣੀ ਤੋਂ ਦੋ ਅਰਥ ਨਿਕਲਦੇ ਹਨ, ਪਹਿਲਾ ਕਿ ਅਜੋਕੀ ਮਿੰਨੀ ਕਹਾਣੀ ਦਾ ਮਨੋਰਥ ਪਹਿਲਾਂ ਹੀ ਤਣਾਉਗ੍ਰਸਤ ਇਨਸਾਨ ਨੂੰ ਹੋਰ ਤਣਾਉਗ੍ਰਸਤ ਕਰ ਦੇਣਾ, ਨਾ ਕਿ ਤਣਾਉਮੁਕਤ ਕਰਨਾ। ਇਹ ਨੈਗੇਟਿਵ ਸੋਚ ਹੈ, ਜੋਕਿ ਸਾਹਿਤ ਦੇ ਮੂਲ ਮੁੱਦਿਆਂ ਜਾਂ ਮੁੱਲਾਂ ਉੱਤੇ ਖ਼ਰੀ ਨਹੀਂ ਉਤਰਦੀ। ਪਰੰਤੂ ਦੂਜੇ ਅਰਥ ਅਰਥਾਤ ਪਾਜ਼ਿਟਿਵ ਸੋਚ ਇਹ ਹੈ ਕਿ ਅੱਜ ਦੇ ਸੁੱਤੇ ਇਨਸਾਨ ਨੂੰ ਜਗਾਉਣਾ ਹੈ, ਢਹਿੰਦੀਆਂ ਕਲਾਂ ਚੋਂ ਚੜ੍ਹਦੀਆਂ ਕਲਾਂ ਵਿਚ ਲਿਜਾਣਾ ਹੈ, ਤਾਕਿ ਰਚਨਾ ਪੜ੍ਹਕੇ ਪਾਠਕ ਸਹਿਜ ਨਾ ਰਹੇ, ਸਗੋਂ ਬਿੰਦ ਦੀ ਬਿੰਦ ਲਈ ਵਿਚਲਿਤ, ਪਰੇਸ਼ਨ ਜਾਂ ਗੰਭੀਰ ਹੋ ਕੇ ਸੋਚਣ ਤੇ ਜਾਂ ਕੁਝ ਕਰਨ ਤੇ ਮਜ਼ਬੂਰ ਹੋ ਜਾਵੇ। ਜੇ ਕਹਾਣੀ ਬਿੱਲਕੁਲ ਸਿੱਧੀ ਸਪਾਟ ਹੈ, ਨਾ ਕੁਝ ਕਹਿੰਦੀ ਹੈ ਨਾ ਕੁਝ ਕਰਨ ਨੂੰ ਦੱਸਦੀ ਹੈ ਤਾਂ ਉਹ ਫੇਰ ਝੰਜੋੜਨ, ਵਿਚਲਿਤ, ਪਰੇਸ਼ਾਨਾ ਜਾਂ ਗੰਭੀਰ ਕਰਨ ਦੀ ਸ਼ਕਤੀ ਨਹੀਂ ਰੱਖਦੀ। ਉਸਨੂੰ ਨਿਰਾ ਬਿਆਨ ਹੀ (ਸਟੇਟਮੈਂਟ), ਸਮਝਿਆ ਜਾਵੇਗਾ, ਇਸ ਤੋਂ ਵੱਧ ਕੁਝ ਨਹੀਂ।

ਕੁਝ ਅਖੌਤੀ ਕਿਸਮ ਦੇ ਆਲੋਚਕ, ਪੰਜਾਬੀ ਮਿੰਨੀ ਕਹਾਣੀ ਦੀਆਂ ਸੰਭਾਵਨਾਵਾਂ ਤੋਂ ਮੁਨਕਰ ਹੋ ਜਾਂਦੇ ਹਨ। ਇਕ ਨਿਰਪੱਖ ਅਤੇ ਯੋਗ ਆਲੋਚਕ ਦਾ ਇਹ ਫਰਜ਼ ਹੁੰਦਾ ਹੈ ਕਿ ਉਹ ਕਿਸੇ ਰਚਨਾਕਾਰ ਬਾਰੇ ਕੋਈ ਰਾਇ ਦੇਣ ਵੇਲੇ ਇਮਨਾਦਾਰ ਤੇ ਦਿਆਨਤਦਾਰ ਰਹੇ। ਲੇਖਕ ਦੇ ਗੁਣਔਗੁਣ ਨਿਰਪੱਖ ਰਹਿਕੇ ਪੇਸ਼ ਕਰੇ-, ਨਾਕਿ ਮੂੰਹ ਦੇਖ ਕੇ ਚਪੇੜ ਮਾਰੇ, ਜਿਵੇਂ ਕਿ ਅਜਕਲ ਚਲ ਰਿਹਾ ਹੈ। ਇਸ ਸਾਰੀ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ, ਅਜੋਕੀ ਸਥਿਤੀ ਵਿਚ ਮਿੰਨੀ ਕਹਾਣੀਕਾਰ ਉਪਰ ਵੀ ਖਾਸ ਜ਼ਿੰਮੇਵਾਰੀ ਆ ਪੈਂਦੀ ਹੈ ਕਿ ਉਹ ਆਪਣੀ ਰਚਨਾ-ਪ੍ਰਕਿਰਿਆ ਕਰਨ ਸਮੇਂ ਜ਼ਿਆਦਾ ਕਲਾ-ਕੌਸ਼ਲਤਾ, ਮਿਹਨਤ ਤੇ ਪਰਪੱਕਤਾ ਦਾ ਸਬੂਤ ਦੇਵੇ, ਜਿਸਦੇ ਫਲਸਰੂਪ ਅਜਿਹੀਆਂ ਪਾਏਦਾਰ ਕ੍ਰਿਤਾਂ ਸਾਹਮਣੇ ਆਉਣ, ਜਿਹੜੀਆਂ ਕੌਮੀ ਅਤੇ ਅੰਤਰ- ਰਾਸ਼ਟਰੀ ਪੱਧਰ ਤੇ ਇਸਦੀ ਅਨੋਖੀ ਆਭਾ ਕਾਇਮ ਰੱਖ ਸਕਣ ਵਿਚ ਸਹਾਇਕ ਸਿੱਧ ਹੋਣ।

ਮਿੰਨੀ ਕਹਾਣੀ ਨੂੰ ਪੰਜਾਬੀ ਯੂਨੀਵਰਿਸਿਟੀ, ਪਟਿਆਲਾ ਤੋਂ ਬਾਅਦ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਵੀ ਐਮ. ਫਿਲ. ਪੱਧਰ ਤੇ ਕੁਝ ਹੱਦ ਤੱਕ ਮਾਨਤਾ ਪ੍ਰਦਾਨ ਕਰ ਦਿੱਤੀ ਹੈ ਜੋ ਕਿ ਮਿੰਨੀ ਕਹਾਣੀ ਦੇ ਵਿਕਾਸ ਲਈ ਇੱਕ ਸ਼ੁਭ ਕਦਮ ਹੈ, ਆਉਣ ਵਾਲੇ ਸਮੇਂ ਵਿਚ ਇਸ ਨੂੰ ਪੀ.ਐੱਚ.ਡੀ., ਅਤੇ ਡੀ ਲਿੱਟ, ਦੇ ਵਿਸ਼ਿਆਂ ਵਜੋਂ ਵੀ ਚੁਣਿਆ ਜਾ ਸਕਦਾ ਹੈ। ਇਸਦਾ ਭਵਿੱਖ ਸੰਭਾਵਨਾਵਾਂ ਭਰਪੂਰ ਹੈ। ਹਿੰਦੀ ਵਿਚ ਤਾਂ ਇਸ ਉੱਤੇ ਪੀ.ਐੱਚ.ਡੀ. ਹੋ ਵੀ ਚੁੱਕੀ ਹੈ, ਇਧਰ ਵੀ ਇਹ ਕੰਮ ਖੋਜਾਰਥੀਆਂ ਦੁਆਰਾ ਹੋ ਸਕਦਾ ਹੈ, ਸਿਰਫ ਉਤਸ਼ਾਹ ਅਤੇ ਪ੍ਰੇਰਨਾ ਦੇਣ ਦੀ ਲੋੜ ਹੈ।

ਮਿੰਨੀ ਕਹਾਣੀ ਫੇਬਲ, ਸਰਮਨ, ਪੈਰੇਬਲ ਵਾਂਗ ਵੀ ਜਾਪਦੀ ਹੈ, ਤੇ ਉਨ੍ਹਾਂ ਨਾਲ ਇਸਦੇ ਕੁਝ ਲੱਛਣ ਜਾਂ ਗੁਣ ਮੇਲ ਵੀ ਖਾਂਦੇ ਹਨ। ਲੇਕਿਨ ਸਮੁੱਚੇ ਰੂਪ ਵਿਚ ਇਹ ਉਨ੍ਹਾਂ 'ਚੋਂ' ਨਿਕਲੀ ਨਹੀਂ ਕਹੀ ਜਾ ਸਕਦੀ ਹੈ, ਇਸਦੀ ਅਲੱਗ ਹੋਂਦ ਹੈ, ਇਹ ਆਜ਼ਾਦ ਤੇ ਮੁੰਕਮਲ ਸਿਨਫ਼ ਜਾਂ ਰੂਪ (form) ਹੈ। ਬੋਧ ਕਥਾਵਾਂ, ਨੀਤੀ ਕਥਾਵਾਂ, ਲੋਕ ਕਥਾਵਾਂ ਨੂੰ ਉਨ੍ਹਾਂ ਦੇ ਉਦੇਸ਼ ਦੇ ਪੱਖੋਂ ਮਿੰਨੀ ਕਹਾਣੀ ਤੋਂ ਅੱਡ ਕੀਤਾ ਜਾ ਸਕਦਾ ਹੈ। ਪਹਿਲੇ ਕਿਸਮ ਦੀਆਂ ਕਥਾਵਾਂ ਵਿਚ ਉਦੇਸ਼ ਸੁਝਾਅਮਈ ਜਾਂ ਸਮੱਸਿਆ ਦਾ ਸਮਾਧਾਨ ਕਰਨ ਵਾਲਾ ਹੁੰਦਾ ਹੈ। “ਅਜਿਹਾ ਹੋਣਾ ਚਾਹੀਦਾ ਸੀ ਇਨ੍ਹਾਂ ਕਥਾਵਾਂ ਦਾ ਕੋਈ ਸੁਨੇਹਾ ਜਾਂ ਉਦੇਸ਼ ਹੋਇਆ ਕਰਦਾ ਸੀ।

"ਮਿੰਨੀ ਕਹਾਣੀ ਖੁੱਲੇ ਪੰਜ ਉਂਗਲਾਂ ਦੇ ਪੰਜੇ ਵਾਂਗ ਨਹੀਂ, ਇਹ ਬੰਦ ਮੁੱਠੀ ਵਾਂਗ ਹੈ। ਜਿਸਦੀ ਆਪਣੀ ਸ਼ਕਤੀ ਹੁੰਦੀ ਹੈ, ਇਹ ਤਾਕਤ ਹੁੰਦੀ ਹੈ, ਜੋ ਇਕ ਅਜਿਹੇ ਜਾਦੂ ਵਾਂਗ ਹੈ ਜੋ ਸਿਰ ਚੜ੍ਹ ਕੇ ਬੋਲਦਾ ਹੈ, ਪੜ੍ਹਨ ਵਾਲੇ ਤੇ ਚਿਰ ਸਦੀਵੀ ਅਸਰ ਜਾਂ ਪ੍ਰਭਾਵ ਪਾਉਂਦਾ ਹੈ।" ਡਾ. ਅਮਰ ਕੋਮਲ ਇਸ ਨਿੰਮੀ ਸਰੂਪ ਜਾਂ ਆਕਾਰ ਦੀ ਆਪਣੀ ਹੀ ਹੋਂਦ ਹੈ, ਜੋ ਜ਼ਿੰਦਗੀ ਨੂੰ ਸੇਧ ਦੇਣ ਵਿਚ ਸਹਾਈ ਹੁੰਦੀ ਹੈ।

ਜਦੋਂ ਕੋਈ ਵਿਧਾ ਜਾਂ ਸਿਨਫ਼ ਮੁਕੰਮਲ ਤੌਰ ਤੇ ਹੋਂਦ ਵਿਚ ਆ ਜਾਂਦੀ ਹੈ ਤਾਂ ਉਸਦੇ ਨਿਯਮ ਸਿਧਾਂਤ ਜਾਂ ਵਿਧਾਨ ਵੀ ਬਣ ਜਾਂਦੇ ਹਨ, ਵਿਧਾ ਤੋਂ ਪਹਿਲਾਂ ਉਸਦਾ ਵਿਧਾਨ ਬਨਾਉਣਾ ਹਾਸੋਹੀਣੀ ਗੱਲ ਜਾਪਦੀ ਹੈ। ਕੋਈ ਚੀਜ਼ ਬਣਨ ਤੋਂ ਬਾਅਦ ਤਾਂ ਉਸ 'ਚ ਸੋਧਾਂ ਤੇ ਸੁਧਾਰ ਕਰਨੇ ਮੁਸ਼ਿਕਲ ਨਹੀਂ ਹੁੰਦੇ ਹਨ ਪਰੰਤੂ ਜਿਸ ਚੀਜ਼ ਦੀ ਅਜੇ ਉਸਾਰੀ ਹੋਣੀ ਹੋਵੇ, ਉਸਦੇ ਦੋਸ਼, ਨੁਕਸ ਕੱਢਣੇ ਕੋਈ ਉਚਿੱਤ ਜਾਂ ਵਾਜਿਬ ਗੱਲ ਨਹੀਂ ਜਾਪਦੀ। ਅਜਿਹਾ ਸਾਹਿਤ ਦੀ ਕਿਸੇ ਵਿਧਾ ਨਾਲ ਵੀ ਨਹੀਂ ਹੋਇਆ। ਵਿਧਾਨ ਹਮੇਸ਼ਾ ਬਾਅਦ 'ਚ ਹੀ ਬਣਿਆ ਕਰਦੇ ਹਨ, ਅਜੇ ਤਾਂ ਮਿੰਨੀ ਕਹਾਣੀ ਨੇ ਤੈਅ ਹੀ ਕੀ ਕੀਤਾ ਹੈ, ਅਜੇ ਬੜੇ ਮਰਹਲੇ ਪਾਰ ਕਰਨੇ ਹਨ। ਇਸਨੇ ਕੇਵਲ ਪਹਿਲਾ ਕਦਮ ਹੀ ਚੁੱਕਿਆ ਹੈ ਹਾਲੇ, ਜੋ ਥੱਲੇ ਰੱਖਿਆ ਵੀ ਨਹੀਂ। ਅਤੇ ਇਸ ਦੇ ਪਿਤਾਮਾ ਹੋਣ, ਮੋਢੀ ਬਣਨ ਦੇ ਝਗੜੇ-ਝੇੜੇ ਚਲ ਪਏ ਹਨ। ਮਿੰਨੀ ਕਹਾਣੀਕਾਰ ਖ਼ੁਦ ਹੀ ਇਸਦੇ ਆਲੋਚਕ, ਵਿਸ਼ਲੇਸ਼ਕ, ਰਿਵਿਊਕਾਰ ਬਣੀ ਜਾ ਰਹੇ ਹਨ ਅਤੇ ਆਪਣੇ ਆਪਣੇ ਗੁੱਟ ਦੀਆਂ ਤਾਰੀਫਾਂ ਦੇ ਪੁੱਲ ਬੰਨੀ ਜਾ ਰਹੇ ਹਨ ਤੇ ਸੋਹਿਲੇ ਗਾਈ ਜਾ ਰਹੇ ਹਨ, ਦੂਜੇ ਗਰੁੱਪ ਨੂੰ ਬੁਰੀ ਤਰ੍ਹਾਂ ਭੰਡੀ ਜਾ ਰਹੇ ਹਨ। ਕੁਝ ਲੇਖਕ ਇਸ ਕਾਰਣ ਟੀ.ਵੀ. ਰੇਡੀਉ ਵਰਗੇ ਅਦਾਰਿਆਂ ਤੇ ਵੀ ਹਾਵੀ ਹੋਈ ਜਾ ਰਹੇ ਹਨ, ਇਹ ਪ੍ਰਚਾਰ ਕਰ ਕਰ ਕੇ ਕਿ ਉਨ੍ਹਾਂ ਦਾ ਗਰੁਪ ਹੀ ਹੈ ਜੋ ਸਾਹਿਤ ਦੀ ਅਸਲੀ ਤੇ ਸੁੱਚੀ ਸੇਵਾ ਕਰ ਰਿਹਾ ਹੈ, ਬਾਕੀ ਲਤੀਫ਼ੇਬਾਜ਼ ਅਤੇ ਲਿਫ਼ਾਫੇਬਾਜ਼ ਹਨ। ਇਹ ਕੋਈ ਚੰਗਾ ਅਤੇ ਉਸਾਰੂ ਰੁਝਾਨ ਨਹੀਂ ਹੈ। ਇਹ ਰੁਝਾਨ ਮਿੰਨੀ ਕਹਾਣੀ ਦੇ ਵਿਕਾਸ ਵਿਚ ਰੁਕਾਵਟ ਅਤੇ ਬਾਧਾ ਬਣ ਰਿਹਾ ਹੈ, ਜੋ ਕਾਫੀ ਘਾਤਕ ਸਿੱਧ ਹੋ ਸਕਦਾ ਹੈ। ਪ੍ਰਚਾਰ ਅਤੇ ਪ੍ਰਸਾਰ ਮਾਧਿਅਮਾਂ ਦਾ ਵੀ ਫਰਜ਼ ਬਣਦਾ ਹੈ, ਅਤੇ ਪਰਖ ਕਰਨੀ ਬਣਦੀ ਹੈ ਕਿ ਉਹ ਦੇਖਣ ਕਿ ਲੇਖਕ ਦਾ ਕੀ ਸਾਹਿਤਕ ਮਿਆਰ ਹੈ। ਉਸਦੀ ਕੀ ਸਾਹਿਤਕ ਦੇਣ ਹੈ।

ਪੰਜਾਬੀ ਦੇ ਵਿਦਵਾਨ ਆਲੋਚਕ ਡਾ. ਕਰਤਾਰ ਸਿੰਘ ਸੂਰੀ ਅਨੁਸਾਰ "ਮਿੰਨੀ ਕਹਾਣੀ ਆਪਣੇ ਆਪ ਵਿੱਚ ਸਾਹਿਤ ਦਾ ਇੱਕ ਨਿਵੇਕਲਾ ਰੂਪ ਹੈ, ਇਸਦੀ ਵੱਖਰੀ ਪਛਾਣ ਹੈ। ਇਸਨੂੰ ਲਿਖਣ ਲਈ ਹਿਕ ਅਦਭੁਤ ਪ੍ਰਤਿਭਾ ਦੀ ਲੋੜ ਹੈ। ਥੋੜੇ ਵਿਚ ਬਹੁਤਾ ਕਹਿ ਸਕਣਾ ਤੇ ਵਧੀਆ ਕਹਿ ਸਕਣਾ, ਪਾਠਕ ਦੇ ਮਨ ਤੇ ਚਿਰ ਸਥਾਈ ਪ੍ਰਭਾਵ ਛੱਡ ਸਕਣਾ ਤੇ ਉਸਨੂੰ ਬਹੁਤ ਕੁਝ ਸੋਚਣ ਤੇ ਮਜਬੂਰ ਕਰ ਦੇਣਾ, ਇਹ ਇਕ ਮੁਸ਼ਕਲ ਤੇ ਅਜ਼ੀਮ ਫ਼ਨ ਹੈ.....।"

("ਮੌਤ ਦੇ ਸਾਏ ਹੇਠ" ਪੁਸਤਕ 'ਚ)

ਮਿੰਨੀ ਕਹਾਣੀਕਾਰਾਂ ਨੂੰ ਇਕ ਗੱਲ ਪੱਲੇ ਬੰਨ ਲੈਣੀ ਚਾਹੀਦੀ ਹੈ ਕਿ ਇਹ ਫ਼ਨ ਕੋਈ ਬੱਚਿਆਂ ਦਾ ਖੇਲ ਨਹੀਂ ਕਿ ਹਰ ਸਾਧਾਰਣ ਗੱਲ ਨੂੰ ਮਿੰਨੀ ਕਹਾਣੀ ਬਣਾ ਲਿਆ ਜਾਵੇ। ਇਸ ਵਿਚ ਹਰ ਸ਼ਬਦ ਇਕ ਕੀਮਤੀ ਨੱਗ ਵਾਂਗ, ਇਕ ਵੱਡਮੁੱਲੇ ਹੀਰੇ ਵਾਂਗ ਹੈ, ਜੋ ਬੇਲੋੜਾ ਤੇ ਕੁਥਾਂ ਨਹੀ ਜੁੜਿਆ ਜਾ ਸਕਦਾ ਅਤੇ ਨਾ ਹੀ ਕੱਢਿਆ ਜਾ ਸਕਦਾ ਹੈ। ਲਿਖਣ ਲੱਗਿਆਂ, ਇਸਨੂੰ ਬਿਲਕੁਲ ਦੂਜੀਆਂ ਵਿਧਾਵਾ ਵਾਂਗ ਹੀ ਅਹਿਮੀਅਤ ਦੇਣੀ ਚਾਹੀਦੀ ਹੈ ਕਿ ਕੋਈ ਉੱਤਮ ਤੇ ਅਜ਼ੀਮ ਰਚਨਾ ਰਚੀ ਜਾਣ ਵਾਲੀ ਹੈ। ਕਦੇ ਵੀ ਇਹ ਸੋਚ ਕੇ ਕਲਮ-ਅਜ਼ਮਾਈ ਨਹੀਂ ਕਰਨੀ ਚਾਹੀਦੀ ਕਿ ਅਖ਼ਬਾਰ ਜਾਂ ਰਸਾਲੇ 'ਚ ਫਟਾ ਫੱਟ ਮਿੰਨੀ ਕਹਾਣੀ ਛੱਪ ਜਾਵੇ ਅਤੇ ਨਾਂ ਬਣ ਜਾਵੇ।

ਨਿਰਸੰਦੇਹ, ਮਿੰਨੀ ਕਹਾਣੀ ਨੂੰ ਸਥਾਪਿਤ ਕਰਨ ਦੇ ਬੜੇ ਉਪਰਾਲੇ ਹੋ ਰਹੇ ਹਨ। ਕੋਈ ਇਸਦਾ ਵਿਧਾਨ ਬਨਾਉਣ ਵਿਚ ਯਤਨਸ਼ੀਲ ਹੈ, ਕੋਈ ਮਿੰਨੀ ਕਹਾਣੀ ਦੇ ਸਮਾਗਮ ਰਚਾ ਰਿਹਾ ਹੈ, ਕੋਈ ਕਿਤਾਬਾਂ ਸੰਪਾਦਿਤ ਕਰ ਰਿਹਾ ਹੈ, ਕੋਈ ਮਿੰਨੀ ਪਰਚੇ ਕੱਢ ਰਿਹਾ ਹੈ ਅਤੇ ਕੋਈ ਪੋਸਟਰ ਪ੍ਰਦਰਸ਼ਨੀਆਂ ਲਗਾ ਰਿਹਾ ਹੈ। ਗੱਲ ਕੀ ਹਰ ਕੋਈ ਆਪਣੀ ਆਪਣੀ ਸਮਰਥਾ ਅਨੁਸਾਰ ਇਸ ਯੱਗ ਵਿਚ ਤਿੱਲ-ਫੁੱਲ ਪਾਈ ਜਾ ਰਿਹਾ ਹੈ। ਇਹ ਬੜੀ ਖੁਸ਼ੀ ਦਾ ਮੁਕਾਮ ਹੈ, ਕਾਬਿਲੇ-ਤਾਰੀਫ਼ ਗੱਲ ਹੈ, ਪਰੰਤੂ ਸੋਚਣ ਵਾਲੀ ਗੱਲ ਇਹ ਹੈ ਕਿ ਇਹ ਸਾਰਾ ਕੁਝ ਮਿੰਨੀ ਕਹਾਣੀਕਾਰਾਂ ਦਾ ਇਕ ਛੋਟਾ ਜਿਹਾ ਸਮੂਹ ਹੀ ਕਿਉਂ ਕਰ ਰਿਹਾ ਹੈ ? ਕਿਉਂ ਚੰਦ ਬੰਦੇ ਹੀ ਇਹ ਜੱਦੋ-ਜਹਿਦ ਕਰ ਰਹੇ ਹਨ ? ਕਿਉਂ ਇਸ ਵਿਧਾ ਨੂੰ ਅਜੇ ਤਾਈਂ ਸਥਾਪਿਤ ਆਲੋਚਕ ਨਹੀਂ ਮਿਲੇ, ਜਿਨ੍ਹਾਂ ਦਾ ਧਿਆਨ ਇਸਨੇ ਖਿੱਚਿਆ ਹੋਵੇ? ਜਦੋਂਕਿ ਸਾਹਿਤ ਦਾ ਇਹ ਰੂਪ ਸਭ ਤੋਂ ਜ਼ਿਆਦਾ ਪੜ੍ਹਿਆ ਅਤੇ ਮਾਣਿਆ ਜਾਂਦਾ ਹੈ ਅਤੇ ਸਭ ਤੋਂ ਵਧੇਰੇ ਲੋਕਪ੍ਰਿਯ ਵੀ

ਹੈ। ਮਿੰਨੀ ਕਹਾਣੀ ਨੂੰ ਪਾਪੂਲਰ ਕਰਨ ਲਈ ਮਿੰਨੀ ਕਹਾਣੀ ਲੇਖਕ ਹੀ ਕਿਉਂ ਆਪਣੀ ਆਪਣੀ ਤੂਤੀ ਵਜਾ ਰਹੇ ਹਨ? ਆਪਣੇ ਮੂੰਹੋਂ ਮਿੱਠੂ ਬਣਨਾ ਕਿੰਨਾ ਕੁ ਸ਼ੋਭਦਾ ਹੈ ਭਲਾ। ਅਸਲ ਜਾਂ ਦੰਮਦਾਰ ਰਚਨਾ ਉਹੀ ਹੈ, ਜਿਸਦੀ ਤਾਰੀਫ ਪੜ੍ਹਨ ਵਾਲਾ ਕਰੇ, ਨਾ ਕਿ ਰਚਨਾਕਾਰ ਖ਼ੁਦ ਹੀ ਕੰਪਨੀ ਦੀ ਮਸ਼ਹੂਰੀ ਵਾਂਗ, ਇਕੱਲੇ ਇੱਕਲੇ ਕੋਲ ਜਾਕੇ ਦੱਸਦਾ ਫਿਰੇ। ਆਲੋਚਕ ਲੱਭਣ ਨਾਲ ਨਹੀਂ ਲੱਭਣੇ। ਮਿੰਨੀ ਕਥਾਕਾਰਾਂ ਨੂੰ ਆਪਣੇ ਗੁਣ ਗਾਣ ਛੱਡ ਕੇ, ਵਧੀਆ ਅਤੇ ਮੁੱਲਵਾਨ ਰਚਨਵਾਂ ਪਾਠਕਾਂ ਨੂੰ ਦੇਣ ਦਾ ਸੰਕਲਪ ਕਰਨਾ ਚਾਹੀਦਾ ਹੈ। ਸਾਹਿਤ ਦੀ ਇਸ ਵਿਧਾ ਜਾਂ ਫਾਰਮ ਨੂੰ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀਆਂ ਟੈਕਸਟ ਬੁੱਕਾਂ ਤੱਕ ਲਿਜਾਣਾ ਹੋਵੇਗਾ। ਜਦੋਂ ਸਿਲੇਬਸ 'ਚ ਮਿੰਨੀ ਕਹਾਣੀ ਨੂੰ ਪੜ੍ਹਾਉਣਾ ਪਵੇਗਾ ਤਾਂ ਆਲੋਚਕ ਅਤੇ ਵਿਦਵਾਨ ਆਪੇ ਹੀ ਲੱਭ ਜਾਣਗੇ, ਉਹ ਖ਼ੁਦ-ਬ-ਖ਼ੁਦ ਇਧਰ ਆ ਜਾਣਗੇ। ਇਸ ਵਿਧਾ ਸਬੰਧੀ ਸਹਾਇਕ ਅਤੇ ਆਲੋਚਨਾਤਮਕ ਪੁਸਤਕਾਂ ਵੀ ਲਿਖੀਆਂ ਜਾਣਗੀਆਂ ਅਤੇ ਇਸਦਾ ਇਤਿਹਾਸ ਵੀ ਲਿਖਿਆ ਜਾਵੇਗਾ। ਇਸਦੇ ਨਿਕਾਸ ਤੇ ਵਿਕਾਸ ਦਾ ਸਫ਼ਰ ਉਹ ਆਪੇ ਹੀ ਤੈਅ ਕਰ ਲੈਣਗੇ ਤੇ ਇਸਦਾ ਕਾਵਿ ਸ਼ਾਸਤਰ ਵੀ ਬਣਾ ਲੈਣਗੇ। ਇਹ ਕਾਰਜ ਉਨ੍ਹਾਂ ਦਾ ਹੀ ਹੈ 'ਜਿਸਕਾ ਕਾਮ ਉਸੀਕੋ ਸਾਜੇ'। ਵਿਅਰਥ ਹੀ ਇਨ੍ਹਾਂ ਬਖੇੜਿਆਂ 'ਚ ਪੈ ਕੇ ਆਪਣੀ ਸਿਰਜਨ ਸ਼ਕਤੀ ਨਸ਼ਟ ਨਹੀਂ ਕਰਨੀ ਚਾਹੀਦੀ।

ਕਈ ਆਲੋਚਕਾਂ ਅਤੇ ਵਿਦਵਾਨਾਂ ਅਨੁਸਾਰ ਮਿੰਨੀ ਕਹਾਣੀ ਦੇ ਨਾਲ ਕੁਝ ਹੋਰ ਲਿਖਣਾ ਜ਼ਰੂਰੀ ਤੇ ਲਾਜ਼ਮੀ ਹੈ, ਤਾਂ ਹੀ ਕੋਈ ਮਿੰਨੀ ਕਹਾਣੀ ਲੇਖਕ ਸਥਾਪਿਤ ਹੋ ਸਕਦਾ ਹੈ। ਮਿੰਨੀ ਕਹਾਣੀ ਉਸ ਖਾਣੇ ਦੀ ਨਿਆਈਂ ਨਹੀਂ ਹੈ, ਜਿਸਦੇ ਪਿੱਛੋਂ ਸਵੀਟ-ਡਿੱਸ਼ ਖਾਣੀ ਜ਼ਰੂਰੀ ਹੋਵੇ। ਇਸ ਤੋਂ ਪਿੱਛੋ ਕਿਸੇ ਚੀਜ਼ ਦੀ ਜ਼ਰੂਰਤ ਨਹੀ ਰਹਿੰਦੀ। ਇਹ ਮੁਕੰਮਲ ਅਤੇ ਜਲਦੀ ਨਾਲ ਹਜ਼ਮ ਹੋਣ ਵਾਲਾ ਭੋਜਨ ਹੈ। ਲੇਖਕ ਨੂੰ ਆਪਣੇ ਅੰਦਰ ਝਾਤੀ ਮਾਰ ਕੇ ਬੜੀ ਗੰਭੀਰਤਾ ਅਤੇ ਸੁਹਿਰਦਤਾ ਨਾਲ ਰਚਨਾ ਕਰਕੇ ਇਸ ਨਵੀਂ ਸਿਨਫ਼ ਨੂੰ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੱਕ ਲਿਜਾਣ ਲਈ ਹੰਭਲੇ ਮਾਰਨ ਦੀ ਜ਼ਰੂਰਤ ਹੈ। ਨਿਸ਼ਚੇ ਹੀ ਇਸ ਵਿਚ ਮਿੰਨੀ ਕਥਾਕਾਰਾਂ ਦੀ ਸਥਾਪਤੀ ਵੀ ਹੋਵੇਗੀ ਅਤੇ ਕਾਮਯਾਬੀ ਵੀ ਹੋਵੇਗੀ।

ਮਿੰਨੀ ਕਹਾਣੀ ਇਕ ਰਾਹ-ਦਸੇਰੇ, ਇਕ ਸੰਕੇਤ ਮਾਤਰ, ਇਕ ਬੀਕਨ-ਲਾਈਟ, ਰਸਤਾ ਦਿਖਾਉਣ ਦਾ ਇਸ਼ਾਰਾ ਮਾਤਰ ਕਰਦੀ ਹੈ, ਤੋੜ ਘਰ ਤੱਕ ਨਹੀਂ ਪਹੁੰਚਾਂਦੀ, ਕੁਝ ਅਣ-ਕਿਹਾ ਵੀ ਛੱਡ ਦਿੰਦੀ ਹੈ। ਇਸੇ ਕਰਕੇ ਇਸ ਬਾਰੇ ਕਿਹਾ ਜਾਂਦਾ ਹੈ ਕਿ ਇਹ 'ਥੋੜੀ

ਕਹੀ, ਬਹੁਤੀ ਅਣ-ਕਹੀ ਦਾਸਤਾਨ ਹੈ।' ਕਾਫੀ ਕੁਝ ਪਾਠਕ ਦੀ ਸੋਚ ਸਮਝ ਵਾਸਤੇ ਛੱਡ ਦਿੱਤਾ ਜਾਂਦਾ ਹੈ। ਉਹ ਸੋਚਣ ਤੇ ਮਜ਼ਬੂਰ ਹੋ ਜਾਂਦਾ ਹੈ। 'ਮਿੰਨੀ ਕਹਾਣੀ ਮੁੱਦਤਾਂ ਤੋਂ ਖ਼ੜੇ-ਤਰੱਕੇ ਪਾਣੀ ਵਾਲੇ ਛੱਪੜ ਦਾ ਨਾਂ ਨਹੀਂ; ਸਗੋਂ ਸ਼ੂਕਦੇ, ਠਾਠਾਂ ਮਾਰਦੇ ਦਰਿਆ ਦਾ ਨਾਂ ਹੈ।' ਇਸ ਵਿਚ ਤੇਜ਼ ਰਵਾਨਗੀ, ਵੇਗ ਅਤੇ ਊਰਜਾ ਹੁੰਦੀ ਹੈ, ਜੋ ਪਾਠਕ ਨੂੰ ਸਾਹ ਵੀ ਨਹੀਂ ਲੈਣ ਦਿੰਦੀ, ਉਹ ਇਕੋ ਸਾਹੇ ਹੀ ਇਹ ਪੜ੍ਹ ਜਾਂਦਾ ਹੈ। ਇਸਦਾ ਆਪਣਾ ਇਕ ਵਿਸ਼ੇਸ਼ ਤੇ ਖ਼ਾਸ ਵਜੂਦ ਹੁੰਦਾ ਹੈ, ਜਿਹੜਾ ਕਿ ਸਿਰਫ਼ ਇਸਦਾ ਆਪਣਾ ਹੈ। ਇਸ ਪੱਖੋਂ ਉਹ ਕਿਸੇ ਸਿਨਫ਼ ਜਾਂ ਰੂਪ ਨਾਲ ਰੱਲਗਡ (Mix) ਨਹੀ ਕੀਤੀ ਜਾ ਸਕਦੀ। ਅੱਜ ਦਾ ਸਮਾਂ ਐਸਾ ਹੈ ਕਿ ਹਰ ਵਿਅਕਤੀ ਚਾਹੁੰਦਾ ਹੈ ਕਿ ਉਸਨੂੰ ਗੱਲ ਝੱਟਪੱਟ ਦੱਸੀ ਜਾਵੇ। ਲੰਮਾ ਪੀਹਣ ਨਾ ਪਾਇਆ ਜਾਵੇ। ਅਜੋਕੇ ਮਨੁੱਖ ਕੋਲ ਸਮਾਂ ਇਨ੍ਹਾਂ ਘੱਟ ਹੈ ਕਿ ਉਸਦੀ ਇਹੀ ਤਮੰਨਾ ਰਹਿੰਦੀ ਹੈ – 'ਛੇਤੀ ਗੱਲ ਮੁਕਾਈ ਤੇ ਚੱਲ ਮੇਰੇ ਭਾਈ।'

ਕੁਝ ਬੁੱਧਜੀਵੀਆਂ ਦਾ ਇਹ ਵੀ ਵਿਚਾਰ ਹੈ ਕਿ ਅਜੋਕੀ ਮਿੰਨੀ ਕਹਾਣੀ ਦਾ ਜਨਮ, ਨਾਵਲਕਲਾ ਵਿਚ ਸ਼ਿਲਪ ਅਤੇ ਸ਼ੈਲੀ ਪੱਖੋਂ ਆਈ ਖੜੋਤ ਕਾਰਣ ਅਤੇ ਕਹਾਣੀ ਦੇ ਨਿੱਤ ਨਵੇਂ ਅੰਦੋਲਨਾਂ ਤੋਂ ਪੈਦਾ ਹੋਏ ਬੁਰੇ ਪ੍ਰਭਾਵਾਂ ਕਾਰਣ ਹੋਇਆ ਹੈ। ਇਨ੍ਹਾਂ ਸਮਿਆਂ ਵਿਚ ਇਨਸਾਨ ਦੀ ਬਿਰਤੀ ਜਾਂ ਸੋਚ ਇਹੋ ਜਿਹੀ ਹੋ ਗਈ ਹੈ ਕਿ ਉਹ ਰੋਜ਼ਾਨਾ ਨਵੀਆਂ ਚੀਜ਼ਾਂ, ਨਵੀਆਂ ਗੱਲਾਂ ਲੋਚਦਾ ਹੈ। ਸ਼ਾਇਦ ਇਸੇ ਕਾਰਣ ਹੀ ਮਿੰਨੀ ਕਹਾਣੀ ਦਾ ਜਨਮ ਹੋਇਆ ਹੋਵੇ ਜਿਸਦਾ ਵਿਕਾਸ ਇਸ ਸਦੀ ਜਾਂ ਇਸ ਦੌਰ ਵਿਚ ਆ ਕੇ ਹੋਇਆ ਹੈ, ਪਹਿਲਾਂ ਇਸ ਵਿਧਾ ਦਾ ਨਾਂ-ਥੇਹ ਵੀ ਨਹੀਂ ਸੀ। ਇਸ ਉੱਤੇ ਇਹ ਕਹਾਵਤ : Necessity is the mother of invention (ਲੋੜ ਹੀ ਕਾਢ ਦੀ ਮਾਂ ਜਾਂ ਜਨਨੀ ਹੁੰਦੀ ਹੈ) ਬਿਲਕੁਲ ਠੀਕ ਢੁੱਕਦੀ ਹੈ। ਸ਼ਾਹਬਾਜ਼ ਮਲਿਕ ਨੇ ਵੀ ਆਖਿਆ ਹੈ 'ਮਿੰਨੀ ਕਹਾਣੀ ਬਾਕਾਇਦਾ ਗਲਪ ਦੀ ਇੱਕ ਸਤੁੰਤਰ ਤੇ ਕਾਮਯਾਬ ਰਚਨਾ ਹੈ।" ਜਦੋਂ ਕਿਸੇ ਚੀਜ਼ ਦਾ ਬੀਜ ਧਰਤੀ ਵਿਚ ਪੈ ਜਾਵੇ ਤਾਂ ਉਸਨੇ ਇਕ ਨਾ ਇਕ ਦਿਨ ਜ਼ਰੂਰ ਫੁੱਟਣਾ ਹੀ ਹੁੰਦਾ ਹੈ ਅਤੇ ਬੂਟਾ ਬਣ ਕੇ ਫੁੱਲ ਦੇਣੇ ਹੀ ਹੁੰਦੇ ਹਨ, ਭਾਵੇਂ ਇਸ ਗੱਲ ਨੂੰ ਕੁਝ ਸਮਾਂ ਜ਼ਰੂਰ ਲਗ ਜਾਂਦਾ ਹੈ।

"ਰਾਹ ਦਸੇਰਾ" (ਮਿੰਨੀ ਕਹਾਣੀ ਅੰਕ) ਵਿਚ ਕੁਲਦੀਪ ਸਿੰਘ ਅਰਸ਼ੀ ਲਿਖਦਾ। ਹੈ - "ਪਹਿਲਾ ਕਦਮ ਸਤਵੰਤ ਕੈਂਥ ਦਾ ਹੈ, ਜਿਸਨੇ "ਬਰਫੀ ਦਾ ਟੁਕੜਾ" ਲਿਖਕੇ ਮਿੰਨੀ

ਕਹਾਣੀ ਦਾ "ਮਿੱਟੀ ਦਾ ਬੁੱਤ" ਬਣਾ ਕੇ ਸਾਹਿਤ ਦੀ ਝੋਲੀ ਵਿਚ ਪਾ ਦਿੱਤਾ.......।" ਇਸ 'ਮਿੱਟੀ ਦੇ ਬੁੱਤ' ਤੋਂ ਉਸਦਾ ਕੀ ਭਾਵ ਹੈ, ਸਪਸ਼ਟ ਨਹੀਂ ਹੁੰਦਾ ਪਰ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਕੈਂਥ ਨੇ ਪਹਿਲ ਜ਼ਰੂਰ ਕੀਤੀ ਹੈ। ਇਸਦਾ ਸਿਹਰਾ ਉਸਦੇ ਸਿਰ ਜਾਣਾ ਹੀ ਸੀ, ਭਾਵੇਂ ਕੋਈ ਲੱਖ ਉਸਨੂੰ ਬੇਕਾਰ ਜਾਂ ਮਾੜਾ ਲੇਖਕ ਕਹੀ ਜਾਵੇ। ਨੀਹਾਂ ਉੱਤੇ ਹੀ ਮੰਮਟੀਆਂ ਬਣਦੀਆਂ ਹਨ। ਮੰਮਟੀਆਂ ਦੀ ਆਪਣੀ ਮਹੱਤਤਾ ਹੁੰਦੀ ਹੈ ਅਤੇ ਨੀਹਾਂ ਦੀ ਆਪਣੀ। ਕੋਈ ਇਕ ਦੂਜੇ ਦਾ ਸਥਾਨ ਨਹੀਂ ਲੈ ਸਕਦਾ, ਕੋਈ ਇਕ ਦੂਜੇ ਦਾ ਪੂਰਕ ਨਹੀ ਹੋ ਸਕਦਾ। ਲਘੂ-ਕਥਾ ਜਾਂ ਮਿੰਨੀ ਕਹਾਣੀ, ਅਜੋਕੇ ਸਮੇਂ ਦੀ ਅਹਿਮ ਜ਼ਰੂਰਤ ਸੀ, ਜੋ ਕਿ ਪਾਠਕ ਦੇ ਸੁਹਜ-ਸੁਆਦ ਅਤੇ ਸਮੇਂ ਦਾ ਪੂਰਾ-ਪੂਰਾ ਖਿਆਲ ਰੱਖਦੀ ਹੈ।

ਜਦੋਂ ਕੋਈ ਨਵੀਂ ਸਿਨਫ਼ ਹੋਂਦ ਵਿਚ ਆਉਂਦੀ ਹੈ, ਤਾਂ ਉਸਦੇ ਹਰ ਤਰ੍ਹਾਂ ਦੇ ਮੁਕੰਮਲ ਵਿਕਾਸ ਲਈ ਦ੍ਰਿੜ ਆਤਮ-ਵਿਸ਼ਵਾਸ, ਲਗਨ, ਮਿਹਨਤ ਅਤੇ ਸਮੇਂ ਦੀ ਜ਼ਰੂਰਤ ਹੁੰਦੀ ਹੈ। ਉਸਨੂੰ ਪੱਕੇ ਪੈਰੀਂ ਕਰਨ ਲਈ ਇਹ ਗੱਲਾਂ ਅਤਿ-ਜਰੂਰੀ ਹੁੰਦੀਆਂ ਹਨ। ਆਰੰਭਕ ਜਾਂ ਮੁੱਢਲੇ ਦੌਰ ਵਿਚ ਬਹੁਤ ਮਿਹਨਤ ਅਤੇ ਸੰਘਰਸ਼ ਕਰਨਾ ਪੈਂਦਾ ਹੈ, ਬੜੀ ਜਦੋ-ਜਹਿਦ ਕਰਨੀ ਪੈਂਦੀ ਹੈ, ਅਲੋਚਕਾਂ ਅਤੇ ਬੁੱਧੀਜੀਵੀਆਂ ਦੇ ਵਾਰ ਵੀ ਸਹਿਣੇ ਪੈਂਦੇ ਹਨ, ਉਨ੍ਹਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਇਸ ਸਭ ਕਾਸੇ ਲਈ ਬੜੇ ਜਿਗਰੇ ਦੀ ਲੋੜ ਹੁੰਦੀ ਹੈ, ਬੜੇ ਵਿਸ਼ਾਲ ਹਿਰਦੇ ਅਤੇ ਸਹਿਨਸ਼ੀਲਤਾ ਦੀ ਜ਼ਰੂਰਤ ਹੁੰਦੀ।

ਅਜੋਕੀ ਮਿੰਨੀ ਕਹਾਣੀ ਦਾ ਅਸਲ ਵਿਕਾਸ ਉਹਦੋਂ ਆਰੰਭ ਹੋਇਆ ਮੰਨਿਆ ਜਾ ਸਕਦਾ ਹੈ, ਜਦੋਂ ਪੰਜਾਬੀ ਸਾਹਿਤ ਵਿਚ ਪ੍ਰਗਤੀਵਾਦੀ ਲਹਿਰ ਪੂਰੇ ਜ਼ੋਰਾਂ ਤੇ ਸੀ। ਇਸਦੇ ਪ੍ਰਭਾਵ ਅਧੀਨ ਹੀ ਪੰਜਾਬੀ ਮਿੰਨੀ ਕਹਾਣੀ ਦਾ ਮੁੱਖ ਸੁਰ ਲੋਕ-ਪੱਖੀ ਰਿਹਾ ਹੈ। ਹੁਣ ਤੱਕ ਦੀ ਪੰਜਾਬੀ ਮਿੰਨੀ ਕਹਾਣੀ ਵਿਚ ਇਸ ਅੰਦਰ ਤਕਰੀਬਨ ਹਰ ਤਰ੍ਹਾਂ ਦੇ ਸਮਾਜਿਕ ਵਿਸ਼ੇ ਛੋਹੇ ਜਾ ਚੁੱਕੇ ਹਨ। ਬੇਸ਼ਕ ਉਨ੍ਹਾਂ ਵਿਸ਼ਿਆਂ ਵਿਚ ਦੁਹਰਾਉ ਦੀ ਕਮਜ਼ੋਰੀ ਰੜਕਦੀ ਹੈ। ਇਸਦਾ ਇਕ ਕਾਰਣ ਤਾਂ ਇਹ ਹੈ ਕਿ ਇਸਦਾ ਵਿਸ਼ਾ ਝੱਟ ਪਤਾ ਚਲ ਜਾਂਦਾ ਹੈ, ਕਿਉਂਕਿ ਸ਼ਬਦ ਸੀਮਿਤ ਹੁੰਦੇ ਹਨ। ਪੜ੍ਹਨ ਵਾਲਾ ਇਹ ਸੋਚਦਾ ਹੈ ਕਿ ਇਹ ਵਿਸ਼ਾ ਤਾਂ ਪਹਿਲਾਂ ਵੀ ਕਈ ਵਾਰ ਪੜ੍ਹ ਚੁੱਕਿਆ ਹਾਂ, ਇਹ ਦੁਹਰਾਉ ਹੈ। ਮਿੰਨੀ ਕਹਾਣੀ 'ਚ ਬਹੁਤੇ ਵਿਸ਼ਿਆਂ ਨੂੰ ਸਮਾਉਣਾ ਔਖਾ ਕਾਰਜ ਹੈ, ਜਦੋਂ ਕਿ ਇਸਦੇ ਵਿਪਰੀਤ ਨਾਵਲ, ਨਾਵਲਿੱਟ ਜਾਂ ਲੰਮੀ ਨਿੱਕੀ ਕਹਾਣੀ ਵਿਚ ਇਸਦੀ ਪੂਰੀ ਗੁੰਜਾਇਸ਼ ਰਹਿੰਦੀ ਹੈ ਕਿ ਲੇਖਕ ਵੱਖ ਵੱਖ ਵਿਸ਼ੇ ਇਨ੍ਹਾਂ ਦੇ ਕੈਨਵਸ ਵਿਚ ਸਮੋ

ਜਾਂ ਸੰਜੋ ਸਕਦਾ ਹੈ। ਕੈਨਵਸ ਵੱਡਾ ਹੋਣ ਕਰਕੇ, ਪਾਠਕ ਉਨ੍ਹਾਂ ਦੇ ਇਕੋ ਵਿਸ਼ੇ ਤੋਂ ਵੀ ਅੱਕੇਵਾਂ ਮਹਿਸੂਸ ਨਹੀਂ ਕਰਦੇ, ਕਿਉਂਕਿ ਹੋਰ ਮਸਾਲਾ ਕਾਫੀ ਹੁੰਦਾ ਹੈ ਤੇ ਉਹ ਬੋਰ ਨਹੀਂ ਹੁੰਦੇ, ਨਾਲੇ ਬਹੁਤੀ ਵਾਰ ਕਈ ਕਈ ਵਿਸ਼ੇ ਉਨ੍ਹਾਂ ਵਿਚ ਰਲਗੱਡ ਹੋਏ ਵੀ ਮਿਲ ਜਾਂਦੇ ਹਨ। ਇਸ ਮੀਡੀਆ ਦੇ ਦੌਰ ਵਿਚ ਮਨੁੱਖ ਕੋਲ ਸਮੇਂ ਦੀ ਘਾਟ ਹੈ ਅਤੇ ਅੱਗੋਂ ਹੋਰ ਹੋਈ ਜਾਣੀ ਹੈ। ਉਹ ਆਪਣੇ ਰੋਜ਼ਾਨਾਂ ਸਮੇਂ ਨੂੰ ਬਹੁਤੇ ਪਾਸੇ ਖੱਚਿਤ ਨਹੀਂ ਕਰ ਸਕਦਾ। ਉਹ ਹਰ ਕੰਮ ਸ਼ਾਟਕੱਟ ਤਰੀਕੇ ਨਾਲ, ਫਟਾਫੱਟ ਕਰਨਾ ਚਾਹੁੰਦਾ ਹੈ। ਉਸ ਕੋਲ ਹੋਰ ਅੱਗੇ ਵੱਧਣ, ਅੱਗੇ ਜਾਣਨ ਦੀ ਜਗਿਆਸਾ ਹੁੰਦੀ ਹੈ। ਉਹ ਖੜੋਤ ਨਹੀਂ ਚਾਹੁੰਦਾ, ਨਿੱਤ ਨਵਾਂ ਚਾਹੁੰਦਾ ਹੈ। ਪਹਿਲੇ ਵਰਗਾ ਕੁਝ ਨਹੀਂ ਲੋੜਦਾ, ਅੱਜ ਦੇ ਇਲੈਕਟ੍ਰੌਨਿਕ ਮੀਡੀਆ ਨੇ ਪੁਸਤਕਾਂ ਪੜ੍ਹਨ ਦੇ ਸ਼ੌਕ ਨੂੰ ਬੜੀ ਵੱਡੀ ਢਾਹ ਲਾਈ ਹੈ ਸੱਟ ਮਾਰੀ ਹੈ। ਵੱਡੇ ਵੱਡੇ ਨਾਵਲ ਜਾਂ ਕਹਾਣੀਆਂ ਦੇ ਰੂਪਾਂਤਰ ਪਾਠਕ, ਦਰਸ਼ਕ ਟੀ.ਵੀ. ਸੀਰੀਅਲਾਂ ਦੇ ਰੂਪ ਵਿਚ ਦੇਖ ਲੈਂਦੇ ਹਨ। ਉਨ੍ਹਾਂ ਨੂੰ ਨਾਵਲ ਜਾਂ ਕਹਾਣੀ ਦਾ ਕਿਤਾਬੀ ਰੂਪ ਪੜ੍ਹਨ ਦੀ ਜ਼ਰੂਰਤ ਹੀ ਮਹਿਸੂਸ ਨਹੀਂ ਹੁੰਦੀ। ਪੱਛਮ ਵਿਚ ਤਾਂ ਨਵੀਂ ਈਜਾਦ ਇਹ ਵੀ ਹੋ ਗਈ ਹੈ ਕਿ ਵੱਡ-ਆਕਾਰੀ ਨਾਵਲਾਂ ਜਾਂ ਪੁਸਤਕਾਂ ਨੂੰ ਆਡੀਓ-ਕੈਸੇਟਾਂ ਦੇ ਰੂਪ ਵਿਚ ਮਾਰਕਿਟ ਅੰਦਰ ਲੈ ਆਉਂਦਾ ਗਿਆ ਹੈ। ਆਮ ਪਾਠਕ ਜਾਂ ਵਿਦਿਆਰਥੀ ਜਿਹੜੀ ਪੁਸਤਕ ਦਾ ਅਧਿਐਨ ਕਰਨਾ ਚਾਹੁੰਦਾ ਹੈ ਹੋਵੇ ਉਹ ਆਰਾਮ ਨਾਲ ਲੇਟ ਕੇ, ਅੱਖਾਂ ਨੂੰ ਕਸ਼ਟ ਦਏ ਬਿਨਾਂ, ਜਿੰਨੀ ਵਾਰ ਜੀਅ ਚਾਹੇ ਸਵਿੱਚ ਆਨ ਕਰਕੇ ਸੁਣ ਸਕਦਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਅਜੋਕਾ ਇਨਸਾਨ ਰੋਜ਼ ਨਵੀਆਂ ਨਵੀਆਂ ਚੀਜ਼ਾਂ, ਨਵੀਆਂ ਗੱਲਾਂ ਦਾ ਚਾਹਵਾਨ ਹੈ। ਉਹ ਪੁਰਾਣੇ ਨੂੰ ਬਦਲਣਾ ਚਾਹੁੰਦਾ ਹੈ। ਸਭ ਕਾਸੇ ਦੇ ਨਤੀਜੇ ਵਜੋਂ ਹੀ ਮਿੰਨੀ ਕਹਾਣੀ ਦਾ ਜਨਮ ਹੋਇਆ ਹੈ, ਇਸਦੀ ਮਕਬੂਲੀਅਤ ਹੋਈ ਹੈ। ਇਹੀ ਕਾਰਣ ਹੈ ਕਿ ਇਹ ਅਜ ਸਭ ਤੋਂ ਵੱਧ ਲੋਕਪ੍ਰਿਯ ਅਤੇ ਹਰਮਨ ਪਿਆਰੀ ਵਿਧਾ ਹੈ। ਇਹ ਸਮੇਂ ਦੀ ਲੋੜ ਸੀ ਅਤੇ ਲੋੜ ਨੇ ਹੀ ਇਸਨੂੰ ਜਨਮ ਦਿਤਾ ਹੈ। “ਮਿੰਨੀ ਕਹਾਣੀ ਦੇ ਇਕ ਸਾਹਿਤਕ ਰੂਪ ਵਜੋਂ ਸਥਾਪਿਤ ਹੋਣ ਨੂੰ ਅਜੇ ਬਹੁਤਾ ਸਮਾਂ ਨਹੀਂ ਹੋਇਆ, ਉਂਜ ਇਸਦਾ ਇਤਿਹਾਸ ਮਨੁੱਖ ਜਿੰਨਾ ਹੀ ਪੁਰਾਣਾ ਹੈ, ਅਖਾਣ, ਮੁਹਾਵਰੇ, ਚੁਟਕਲੇ, ਬੁਝਾਰਤਾਂ ਅਤੇ ਲੋਕ ਗੀਤ ਮਿੰਨੀ ਕਹਾਣੀ ਦੇ ਮੁੱਢਲੇ ਰੂਪ ਹੀ ਤਾਂ ਹਨ।” (ਡਾ. ਦਲੀਪ ਕੌਰ ਟਿਵਾਣਾ)

ਉਕਤ ਗੱਲ ਨਾਲ ਭਾਵੇਂ ਪੂਰੀ ਤਰ੍ਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ ਪਰੰਤੂ ਇਕ ਗੱਲ ਤਾਂ ਜ਼ਰੂਰ ਮੰਨਣਯੋਗ ਹੈ ਕਿ ਮਿੰਨੀ-ਕਹਾਣੀ ਇਕਦਮ ਜਾਂ ਰਾਤੋ-ਰਾਤ ਹੋਂਦ ਵਿਚ

ਨਹੀਂ ਆ ਗਈ, ਸਗੋਂ ਇਸਦਾ ਪਿਛੋਕੜ ਕਾਫੀ ਪੁਰਾਣਾ ਹੈ, ਜੋ ਕਿ ਸਾਡੇ ਲੋਕ-ਸਭਿਆਚਾਰ ਵਿਚੋਂ ਲੱਭਿਆ ਜਾ ਸਕਦਾ ਹੈ।

ਇਹ ਗੱਲ ਆਪਣੇ ਆਪ 'ਚ ਪੂਰਾ ਵਜ਼ਨ ਰਖਦੀ ਹੈ ਕਿ ਜਿਹੜੇ ਪਾਠਕ ਸਾਹਿਤ ਨੂੰ ਕੇਵਲ ਮਨੋਰੰਜਨ ਲਈ ਪੜ੍ਹਦੇ ਹਨ, ਉਨ੍ਹਾਂ ਦੇ ਮਿਆਰ ਤੇ ਮਿੰਨੀ ਕਹਾਣੀ ਸ਼ਾਇਦ ਖ਼ਰੀ ਨਾ ਉਤਰੇ, ਕਿਉਂਕਿ ਇਸ ਵਿਚ ਪਾਤਰ ਦਾ ਮਜ਼ਾਕੀਆ ਜਾਂ ਮਜ਼ਾਹੀਆ ਚਿਤਰਣ (caricature) ਨਹੀਂ ਹੁੰਦਾ, ਸਗੋਂ ਇਹ ਤਾਂ ਸ਼ੂਟ ਵੱਟ ਕੇ, ਆਪਣੀ ਗੱਲ ਮੁਕਾ ਦਿੰਦੀ ਹੈ, ਜੋ ਕਿ ਗੰਭੀਰ ਤੇ ਸੂਝਵਾਨ ਪਾਠਕ ਨੂੰ ਇਕੋ ਸਾਹੇ ਪੜ੍ਹਨ ਉਪਰੰਤ ਸੋਚਣ ਤੇ ਮਜਬੂਰ ਕਰ ਦਿੰਦੀ ਹੈ। ਇਸਦੀ ਤੇਜ਼ ਚਾਲ ਕਰਕੇ ਇਹ ਕੋਈ ਭੂਮਿਕਾ ਨਹੀਂ ਬੰਨਦੀ, ਸਗੋਂ ਸ਼ੁਰੂ ਤੋਂ ਹੀ ਆਪਣੇ ਰਾਹੇ ਪੈ ਜਾਂਦੀ ਹੈ ਤੇ ਤੁਰੰਤ ਮੰਜ਼ਿਲ ਤੇ ਅਪੜ ਜਾਂਦੀ ਹੈ। ਇਸ ਵਿਚ ਲਟਕਾਅ ਜਾਂ ਟੁੱਟਵੀਂ ਗੱਲ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ, ਕਿਉਂਕਿ ਇਸਦਾ ਆਕਾਰ ਜਿੰਨਾ ਵੱਧਦਾ ਜਾਵੇਗਾ, ਇਸਦੇ ਪ੍ਰਭਾਵ ਦੀ ਤੀਖਣਤਾ ਉੱਨੀ ਹੀ ਘੱਟਦੀ ਜਾਵੇਗੀ। ਇਸ ਲਈ ਸੰਖੇਪਤਾ, ਸਰਲਤਾ ਅਤੇ ਸਪੱਸ਼ਟਤਾ ਇਸਦਾ ਲਾਜ਼ਮੀ ਗੁਣ ਹੈ।

ਡਾ. ਨਰਿੰਦਰ ਸਿੰਘ ਕਪੂਰ ਅਨੁਸਾਰ "ਅਜੋਕਾ ਯੁੱਗ ਮਿੰਨੀ ਕਹਾਣੀ ਦਾ ਹੈ ਅਤੇ ਇਹ ਇਕ ਅਰਸੇ ਤੱਕ ਸਾਹਿਤ ਦਾ ਮੋਹਰੀ ਰੂਪ ਰਹੇਗਾ।" ਇਹ ਬੜੀ ਹਾਂ-ਪੱਖੀ ਸਟੇਟਮੈਂਟ ਹੈ, ਜੋ ਇਸ ਵਿਧਾ ਦੀ ਸਥਾਪਤੀ ਦੇ ਉੱਜਲੇ ਭਵਿੱਖ ਨੂੰ ਚਾਰ-ਚੰਨ ਲਾਉਂਦੀ ਹੈ। ਡਾ. ਕਪੂਰ ਅੱਗੇ ਜਾ ਕੇ ਕਹਿੰਦਾ ਹੈ "ਜਿਨ੍ਹਾਂ ਪਾਠਕਾਂ ਨੂੰ ਸਮਝਣ ਅਤੇ ਸੋਚਣ ਦੀ ਆਦਤ ਨਹੀ; ਉਨ੍ਹਾਂ ਨੂੰ ਮਿੰਨੀ ਕਹਾਣੀਆਂ, ਸ਼ਾਇਦ ਸ਼ਾਬਦਿਕ ਗਤਕੇਬਾਜ਼ੀ ਹੀ ਪ੍ਰਤੀਤ ਹੋਣ ਪਰ ਸੁਚੇਤ ਪਾਠਕ ਨੂੰ ਇਹ ਸੋਚਣ ਲਈ ਵੰਗਾਰਦੀਆਂ ਹਨ।"

ਮਿੰਨੀ ਕਹਾਣੀ ਦੀ ਤੀਖਣਤਾ ਇਹਨੀ ਜ਼ਿਆਦਾ ਹੋਵੇ, ਜਿਵੇਂ ਸਰੀਰ 'ਚੋ ਕਰੰਟ ਪਾਸ ਹੋਣ ਸਮੇਂ ਮਹਿਸੂਸ ਕੀਤਾ ਜਾਂਦਾ ਹੈ। ਇਹ ਝੱਟਪੱਟੀ ਕ੍ਰਿਆ ਹੈ, ਜੋ ਆਪਣਾ ਜਲਵਾ ਉਸੇ ਸਮੇਂ ਹੀ ਦਰਸਾ ਦਿੰਦੀ ਹੈ। ਲਟਕਾਅ ਆਇਆ ਨਹੀਂ ਤੇ ਇਸਦਾ ਪ੍ਰਭਾਵ ਖ਼ਤਮ ਹੋਇਆ ਨਹੀਂ। ਆਲੋਚਕਾਂ ਦੁਆਰਾ ਇਹ ਅਕਸਰ ਕਿਹਾ ਜਾਂਦਾ ਹੈ ਕਿ ਮਿੰਨੀ ਕਹਾਣੀ ਦਾ ਆਪਣਾ ਕੋਈ ਵਿਧਾਨ ਜਾਂ ਕਾਵਿ ਸ਼ਾਸਤਰ ਨਹੀਂ ਹੈ, ਜਿਸ 'ਚ ਰੱਖ ਕੇ ਇਸਨੂੰ ਪਰਖਿਆ-ਪੜਚੋਲਿਆ ਜਾ ਸਕੇ। ਕੀ ਅੱਜ ਤੱਕ ਕੋਈ ਐਸੀ ਵਿਧਾ ਹੈ, ਜਿਸਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹੀ ਉਸਦਾ ਰੂਪ ਵਿਧਾਨ ਜਾਂ ਨਿਯਮ ਬਣ ਗਏ ਹੋਣ ? ਜਦੋਂ ਕੋਈ ਸਾਹਿਤ ਰੂਪ

ਹੌਲੀ ਹੌਲੀ ਆਪਣਾ ਸਥਾਨ ਬਣਾ ਲੈਂਦਾ ਹੈ ਤੇ ਮਾਨਤਾ ਹਾਸਿਲ ਕਰ ਲੈਂਦਾ ਹੈ ਤਾਂ ਉਸਦੇ ਨਿਯਮ ਵੀ ਨਾਲ ਦੀ ਨਾਲ ਬਣਦੇ ਚਲੇ ਜਾਂਦੇ ਹਨ। ਉਨ੍ਹਾਂ ਨਿਯਮਾਂ ਤੇ ਵਿਚਾਰ-ਵਿਮਰਸ਼ ਵੀ ਹੁੰਦਾ ਰਹਿੰਦਾ ਹੈ। ਜਿਹੜੇ ਯੋਗ ਅਤੇ ਢੁੱਕਵੇਂ ਜਾਪਦੇ ਹਨ, ਉਹ ਰੱਖ ਲਏ ਜਾਂਦੇ ਹਨ ਤੇ ਜਿਹੜੇ ਅਯੋਗ ਅਤੇ ਬੇਲੋੜੇ ਜਾਪਦੇ ਹਨ, ਉਹ ਛੱਡ ਦਿੱਤੇ ਜਾਂਦੇ ਹਨ।

ਇਸ ਸਮੇਂ ਤੱਕ ਮਿੰਨੀ ਕਹਾਣੀ ਦੇ 65 ਤੋਂ ਵਧੇਰੇ ਮੌਲਿਕ ਸੰਗ੍ਰਹਿ ਛੱਪ ਚੁੱਕੇ ਹਨ। ਅਤੇ 35 ਦੇ ਕਰੀਬ ਸੰਪਾਦਿਤ ਤੇ ਅਨੁਵਾਦਿਤ ਸੰਗ੍ਰਹਿ ਛੱਪ ਚੁੱਕੇ ਹਨ। ਇਹ ਗਿਣਤੀ ਦਸਦੀ ਹੈ ਕਿ ਅਜੋਕਾ ਲੇਖਕ ਕਿੰਨੀ ਸ਼ਿੱਦਤ ਅਤੇ ਲਗਨ ਨਾਲ ਇਸ ਵਿਧਾ ਵੱਲ ਰੁਚਿਤ ਹੋ ਰਿਹਾ ਹੈ। ਪ੍ਰੋ. ਸਤਿੰਦਰ ਸਿੰਘ ਸਪੜਾ ਦਾ ਵਿਚਾਰ ਹੈ "ਅਸਲ ਵਿਚ ਪਹਿਲਾਂ ਕਹਾਣੀ ਜਨਮੀ, ਫਿਰ ਨਾਵਲ ਤੇ ਉਸੇ ਨਾਵਲ ਨੇ ਕਹਾਣੀ ਦੇ ਮੂੰਹ-ਮੱਥੇ ਨੂੰ ਛਿੱਲਿਆ, ਤਰਾਸ਼ਿਆ, ਜਿਸਤੋਂ ਨਿੱਕੀ ਹੁਨਰੀ ਕਹਾਣੀ ਨੇ 'ਜਨਮ ਲੀਤਾ ਤੇ ' ਉਸਦਾ ਮਾਂਜਿਆ, ਸਵਾਂਰਿਆ ਰੂਪ ਮਿੰਨੀ ਕਹਾਣੀ ਹੈ। ਤਬਦੀਲੀ ਤੇ ਨਿਖਾਰ ਸਮੇਂ ਦਾ ਸੁਨੇਹਾ ਹੈ ਇਕ ਜ਼ਰੂਰੀ ਅੰਗ ਹੈ। ਇਸਦਾ ਸਮੇਂ ਦੀ ਘਾਟ ਨਾਲ ਕੋਈ ਸਬੰਧ ਨਹੀਂ.......।"

('ਖ਼ੁਸ਼ਬੂ' ਅਪ੍ਰੈਲ-ਜੂਨ ' 90)

ਕੁਝ ਅਖੌਤੀ ਆਲੋਚਕਾਂ ਤੇ ਵਿਦਵਾਨਾਂ ਦਾ ਵਿਚਾਰ ਹੈ ਕਿ ਮਿੰਨੀ ਕਹਾਣੀ ਯੱਕੜ ਮਾਰਨ ਦੇ ਤੁੱਲ ਹੈ। ਉਨ੍ਹਾਂ ਦੇ ਮੱਤ ਅਨੁਸਾਰ ਮਿੰਨੀ ਕਹਾਣੀ ਕੋਈ ਸਾਹਿਤਕ ਵੰਨਗੀ ਹੀ ਨਹੀਂ। ਇਹ ਇਕ ਵਾਧੂ ਜਿਹੀ ਸਮਾਂ "ਪਾਸ" ਜਾਂ 'ਕਿੱਲ" ਕਰਨ ਦੀ ਚੀਜ਼ ਹੈ, ਇਸ ਨਾਲ ਸਮਾਜ ਦਾ ਕੁਝ ਨਹੀਂ ਸੰਵਰ ਸਕਦਾ। ਇਹ 'ਸਤਿਅਮ, ਸ਼ਿਵਮ, ਸੁੰਦਰਮ' ਦੇ ਉਦੇਸ਼ ਜਾਂ ਸਿੱਧਾਂਤ ਉੱਤੇ ਖ਼ਰੀ ਅਤੇ ਪੂਰੀ ਨਹੀਂ ਉਤਰਦੀ। ਇਸਦਾ ਸਾਹਿਤਕ ਭਾਸ਼ਾ ਵਿਚ ਮੁੱਲ ਸਿਫ਼ਰ ਹੈ, ਜ਼ੀਰੋ ਹੈ, ਜਿਵੇਂ ਕਿ ਸਾਹਿਤ ਵਿਚ ਚੁਟਕਲੇ ਜਾਂ ਲਤੀਫੇ ਦਾ ਸਥਾਨ ਹੈ। ਇਥੇ ਇਹ ਗੱਲ ਕਹਿਣੀ ਵਾਜਿਬ ਹੋਵੇਗੀ ਕਿ ਹਰੇਕ ਮਿੰਨੀ ਕਹਾਣੀਕਾਰ ਨੇ ਕੁਝ ਇਕ ਰਚਨਾਵਾਂ ਬਹੁਤ ਵਧੀਆ ਜਾਂ ਸ੍ਰੇਸ਼ਟ ਰਚੀਆਂ ਹੁੰਦੀਆਂ ਹਨ। ਇਨ੍ਹਾਂ ਸਾਰੀਆਂ ਮਾਸਟਰ-ਪੀਸ ਰਚਨਾਵਾਂ ਨੂੰ ਸਕਾਲਰਾਂ ਦੇ ਕਿਸੇ ਬੋਰਡ ਦੁਆਰਾ ਚੁਣ ਕੇ ਇਕ ਵਧੀਆ ਸੰਗ੍ਰਹਿ ਛਾਪਣਾ ਵੀ ਇਕ ਚੰਗਾ ਉੱਦਮ ਹੋ ਸਕਦਾ ਹੈ, ਜਿਸਨੂੰ ਪੜ੍ਹ ਕੇ ਸਾਡੇ ਉਕਤ ਪ੍ਰਕਾਰ ਦੇ ਆਲੋਚਕ ਇਸ ਸਿਨਫ਼ ਵਿਚਲੇ ਗੁਣਾਂ ਅਤੇ ਖੂਬੀਆਂ ਨੂੰ ਦੇਖ/ਪਰਖ ਕੇ ਇਸਦੇ ਕਾਇਲ ਹੋ ਸਕਣਗੇ। ਇਸਦੇ ਨਾਲ ਹੀ ਇਹ ਦੂਜੀਆਂ ਭਾਸ਼ਾਵਾਂ ਦੇ ਲਈ ਪੰਜਾਬੀ ਮਿੰਨੀ ਕਹਾਣੀ ਦਾ ਇਕ ਦਰਪਣ ਵੀ ਸਿੱਧ ਹੋਵੇਗਾ।

ਆਧੁਨਿਕ ਲੇਖਕ ਕਿਸੇ ਵੀ ਸਥਿਤੀ ਜਾਂ ਪ੍ਰਸਿਥਤੀ ਦਾ ਵਿਸ਼ਲੇਸ਼ਣ ਬੜੀ ਬਾਰੀਕੀਬੀਨੀ (minutely) ਨਾਲ ਕਰਨ ਦੇ ਯੋਗ ਜਾਂ ਸਮੱਰਥ ਹੈ। ਉਸਦੀ ਸੂਖ਼ਮ ਦ੍ਰਿਸ਼ਟੀ ਅਤੇ ਸੂਖ਼ਮ ਤਜਰਬੇ ਦੇ ਆਧਾਰ ਤੇ ਹੀ ਸਾਹਿਤ ਵਿਚ ਵੀ ਮਿੰਨੀ ਕਹਾਣੀ ਵਰਗੇ ਸੂਖ਼ਮ ਰੂਪ ਦੀ ਆਮਦ ਜ਼ਰੂਰੀ ਤੇ ਸਮੇਂ ਦੇ ਅਨੁਕੂਲ ਸੀ। ਇਹ ਸਮੇਂ ਅਤੇ ਪਾਠਕਾਂ ਦੀ ਮੰਗ ਸੀ। ਇਸ ਮਸ਼ੀਨੀ ਯੁੱਗ ਅੰਦਰ ਇਨਸਾਨ ਥੋੜੇ' 'ਸਮੇਂ ਵਿਚ ਚੰਗੀ ਤੇ ਵਧੀਆ ਚੀਜ਼ ਦਾ ਆਨੰਦ ਮਾਣਨਾ ਲੋਚਦਾ ਹੈ, ਸਮੇਂ ਦਾ ਸਹੀ ਇਸਤੇਮਾਲ ਕਰਨਾ ਜ਼ਰੂਰੀ ਸਮਝਦਾ ਹੈ, ਕਿਉਂਕਿ ਉਹ ਵੰਡਿਆ ਪਿਆ ਹੈ, ਉਸਨੇ ਆਪਣੇ ਸਮੇਂ ਨੂੰ ਕੰਮਾਂ ਅਨੁਸਾਰ ਟੋਟਿਆਂ ਵਿਚ ਵੰਡ ਰੱਖਿਆ ਹੈ। ਉਸਦਾ 'ਟਾਈਟ ਸ਼ੈਡੀਊਲ' ਹੁੰਦਾ ਹੈ। ਉਹ ਹਰੇਕ ਚੀਜ਼ ਨੂੰ ਕੈਪਸੂਲ ਰੂਪ ਵਿਚ ਲੈਣਾ ਚਾਹੁੰਦਾ ਹੈ, ਉਸ ਕੋਲ ਠਰੰਮਾ ਜਾਂ ਸੰਜਮਤਾ ਨਹੀਂ ਹੈ।

ਮਿੰਨੀ ਕਹਾਣੀ ਜਿਸ ਸਟੇਜ ਤੇ ਪਹੁੰਚ ਚੁੱਕੀ ਹੈ, ਇਸਨੂੰ ਸਰਕਾਰ ਦੁਆਰਾ ਵੱਡੀਆਂ ਸਰਕਾਰੀ/ਗ਼ੈਰਸਰਕਾਰੀ ਸੰਸਥਾਵਾਂ ਦੁਆਰਾ ਮਾਨਤਾ ਦਿਤੀ ਜਾਣੀ ਜ਼ਰੂਰੀ ਹੈ, ਕਿਉਂਕਿ ਇਹ ਵੀ ਸਾਹਿਤ ਦਾ ਇਕ ਮੁਕੰਮਲ ਤੇ ਸੁੰਤਤਰ ਰੂਪ ਹੈ। ਜੇਕਰ ਕਹਾਣੀ, ਨਾਵਲ, ਕਵਿਤਾ, ਨਾਟਕ, ਬਾਲ ਸਾਹਿਤ ਆਦਿ ਵੰਨਗੀਆਂ ਲਈ ਪੰਜਾਬ ਸਰਕਾਰ, ਭਾਰਤੀ ਸਾਹਿਤ ਅਕਾਦਮੀ, ਪੰਜਾਬੀ ਸਾਹਿਤ ਅਕਾਦਮੀ, ਗਿਆਨ-ਪੀਠ ਅਤੇ ਯੂਨੀਵਰਸਿਟੀਆਂ ਆਦਿ ਦੁਆਰਾ ਇਨਾਮ-ਸਨਮਾਨ ਦਿਤੇ ਜਾ ਸਕਦੇ ਹਨ ਤਾਂ ਮਿੰਨੀ ਕਹਾਣੀ/ਲਘੂ ਕਥਾ ਨੂੰ ਕਿਉਂ ਨਹੀਂ ਅਜਿਹੀ ਮਾਨਤਾ' 'ਜਾਂ ਮਾਣ-ਸਨਮਾਨ ਦਿਤਾ ਜਾ ਸਕਦਾ। ਕੇਵਲ ਇਸੇ ਵਿਧਾ ਨੂੰ ਅਣਗੌਲਿਆ ਕਰਨਾ ਠੀਕ ਨਹੀਂ ਲਗਦਾ। ਇਸਦਾ ਜਿੰਨਾ ਵੀ ਬਣਦਾ ਮੁੱਲ ਹੈ, ਉਹ ਇਸਨੂੰ ਮਿਲਣਾ ਚਾਹੀਦਾ ਹੈ। ਇਸਨੂੰ ਗਲਪ ਦੀ ਇਕ ਪੂਰਣ ਤੇ ਮੁਕੰਮਲ ਸਿਨਫ਼ ਤਸਲੀਮ ਕਰਨਾ ਹੀ ਚਾਹੀਦਾ ਹੈ।

ਪ੍ਰਸਿੱਧ ਰੂਸੀ ਲੇਖਕ ਤੁਰਗਨੇਵ ਨੇ ਇਕ ਜਗ੍ਹਾ ਲਿਖਿਆ ਹੈ "ਗੋਗੋਲ ਦੇ ਕੋਟ ਦੀ ਜੇਬ 'ਚੋਂ ਸਾਰੇ ਰੂਸੀ ਕਹਾਣੀਕਾਰ ਨਿਕਲੇ ਹਨ।" ਕੀ ਅਸੀਂ ਪੰਜਾਬੀ ਮਿੰਨੀ ਕਹਾਣੀ ਬਾਰੇ ਕੋਈ ਅਜਿਹੀ ਸਟੇਟਮੈਂਟ ਦੇ ਸਕਦੇ ਹਾਂ ਕਿ ਫਲਾਂ ਲੇਖਕ ਦੇ ਕੋਟ ਦੀ ਜੇਬ 'ਚੋਂ ਸਾਰੇ ਮਿੰਨੀ ਕਹਾਣੀਕਾਰ ਨਿਕਲੇ ਹਨ। ਦਸ਼ਾ ਇਹ ਨਾ ਹੋ ਜਾਵੇ ਕਿ ਜਿੰਨੇ ਮਿੰਨੀ ਕਹਾਣੀਕਾਰ ਉਹਨੀਆਂ ਹੀ ਜੇਬਾਂ ਹੋ ਜਾਣ ਅਤੇ ਸਾਰੇ ਹੀ ਆਪਣੀ ਜੇਬ ਨੂੰ ਗੋਗੋਲ ਦੀ ਜੇਬ ਸਮਝੀ ਜਾਣ। ਕੰਮ ਦਾ ਹੀ ਮੁੱਲ ਪੈਂਦਾ ਹੈ ਚੰਮ ਦਾ ਨਹੀਂ। ਨਵੇਂ ਲੇਖਕ ਬਥੇਰਾ ਨੱਸ ਨੱਸ ਕੇ ਦੇਖ ਲੈਂਦੇ ਹਨ ਫੇਰ ਹੱਫ਼

ਕੇ ਬਹਿ ਜਾਂਦੇ ਹਨ, ਜਦੋਂ ਪਤਾ ਚਲਦਾ ਹੈ ਕਿ ਆਖਿਰ ਕੰਮ ਨੇ ਹੀ ਕੰਮ ਆਉਣਾ ਹੈ। ਮੋਢਾ ਮਾਰ ਕੇ ਅੱਗੇ ਲੰਘਣਾ ਇਹਨਾ ਸੁਖਾਲਾ ਨਹੀਂ ਹੁੰਦਾ, ਦੇਰ ਸਵੇਰ ਸਮੇਂ ਨੇ ਆਪਣੇ ਹਿਸਾਬ ਨਾਲ ਮੁੱਲ ਪਾ ਹੀ ਲੈਣਾ ਹੁੰਦਾ ਹੈ।

ਮਿੰਨੀ ਕਹਾਣੀ ਕੋਈ ਬੱਚਿਆਂ ਦਾ ਖੇਲ ਨਹੀਂ ਕਿ ਬਾਥਰੂਮ 'ਚ ਬੈਠ ਕੇ ਇਸਨੂੰ ਝਰੀਟ ਲਿਆ ਜਾਵੇ। ਇਹ ਬੜੇ ਠਰੰਮੇ, ਸਹਿਜਤਾ, ਸੰਜਮਤਾ ਦੀ ਮੰਗ ਕਰਦੀ ਹੈ, ਕਿਉਂਕਿ ਇਸਨੇ ਪਾਤਰਾਂ ਦੀ ਮਨੋਦਸ਼ਾਂ ਦਾ ਮੰਥਨ (Analysis) ਕਰਕੇ ਇਕ ਸਿਖ਼ਰ (climax) ਤੇ ਪਹੁੰਚਣਾ ਹੁੰਦਾ ਹੈ। ਇਹ ਸਿਖ਼ਰ ਜਾਂ ਚਰਮਬਿੰਦੂ ਹੀ ਇਸਦਾ ਮੂਲ ਮੁੱਦਾ ਜਾਂ ਧੁਰਾ ਹੁੰਦਾ ਹੈ। ਸਾਰੀ ਕਹਾਣੀ ਦਾ ਦਾਰੋਮਦਾਰ ਹੀ ਇਸ ਬਿੰਦੂ ਜਾਂ ਕਲਾਈਮੈਕਸ ਤੇ ਖੜਾ ਹੁੰਦਾ ਹੈ। ਅਜੋਕੀ ਕਹਾਣੀ ਇਨਸਾਨ ਦੀ ਅਭਿਵਿਅੱਕਤੀ ਕਰਨ ਵੱਲ ਵਿਸ਼ੇਸ਼ ਤੌਰ ਤੇ ਰੁੱਚਿਤ ਹੈ। ਕਿਸੇ ਮਨੁੱਖ ਦਾ ਬਾਹਰੋਂ ਸ਼ਰੀਫ ਅਤੇ ਨੇਕ ਦਿਸਣਾ ਤੇ ਅੰਦਰੋਂ ਹੈਵਾਨੀ ਅਤੇ ਸ਼ੈਤਾਨੀ ਬਿਰਤੀਆਂ ਦਾ ਢੰਗ ਸੰਕੇਤਕ ਨਾਲ ਪਰਦਾਫਾਸ਼ ਕਰਨਾ ਹੀ ਮਿੰਨੀ ਕਹਾਣੀ ਦਾ ਖ਼ਾਸਾ ਹੈ।

ਅਜੋਕਾ ਸਮਾਂ ਹੀ ਐਸਾ ਹੈ ਕਿ ਹਰ ਬੰਦਾ ਚਾਹੁੰਦਾ ਹੈ ਕਿ ਉਹ ਥੋੜੇ ਵਕਤ ਵਿਚ ਕੋਈ ਅਜਿਹੀ ਵਧੀਆ ਚੀਜ਼ ਪੜ੍ਹੇ, ਜੋ ਅਰਥ-ਭਰਪੂਰ ਵੀ ਹੋਵੇ ਅਤੇ ਅਤੇ ਹੋਵੇ ਵੀ ਬਹੁਤ ਛੋਟੀ, ਜਿਹੜੀ ਉਸਦੀ ਸੁਹਜਾਤਮਕ ਰੁਚੀ ਨੂੰ ਤ੍ਰਿਪਤ ਕਰ ਸਕੇ, ਉਸਨੂੰ ਚੰਗਾ ਤੇ ਨੇਕ ਇਨਸਾਨ ਬਣਨ ਦੀ, ਚੰਗਾ ਸਮਾਜ ਉਸਾਰਨ ਦੀ ਸੇਧ ਦੇਵੇ। ਉਸਨੂੰ ਇਹ ਸਾਹਿਤ ਢਹਿੰਦੀਆਂ ਕਲਾਂ 'ਚ ਨਾ ਲਿਜਾਵੇ, ਸਗੋਂ ਚੜ੍ਹਦੀਆਂ ਕਲਾਂ 'ਚ ਲਿਜਾਵੇ। ਮਿੰਨੀ ਕਹਾਣੀ ਨੂੰ ਪਾਠਕ ਕੋਲ ਸਮੇਂ ਦੀ ਘਾਟ ਕਾਰਣ ਪੈਦਾ ਹੋਈ ਵਿਧਾ ਨਹੀਂ ਸਮਝਣਾ ਚਾਹੀਦਾ। ਭਾਵੇਂ ਸਮੇਂ ਦੀ ਹਰ ਸ਼ਖ਼ਸ ਕੋਲ ਕਮੀ ਹੈ ਪਰ ਇਹ ਗੱਲ ਵੀ ਨਹੀਂ ਕਿ ਉਹ ਕੁਝ ਪੜ੍ਹਦਾ ਹੀ ਨਹੀਂ ਜਾਂ ਉਹ ਵੱਡ-ਆਕਾਰੀ ਪੁਸਤਕਾਂ ਘੋਖਦਾ ਹੀ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਦੇ ਇਲੈਕਟਰਾਨਿਕ ਮੀਡੀਆ ਨੇ ਸਾਹਿਤ ਉੱਤੇ ਕਾਫੀ ਮਾਰੂ ਅਸਰ ਪਾਇਆ ਹੈ ਪਰੰਤੂ ਪਾਠਕ ਅੱਜ ਵੀ ਹੈਗੇ ਹਨ, ਜੋ ਚੰਗਾ ਤੇ ਉਸਾਰੂ ਸਾਹਿਤ ਮੰਗਦੇ ਹਨ, ਉਹ ਸਿਹਤਮੰਦ ਕਦਰਾਂ ' ਦੇ ਹਾਮੀ ਹੁੰਦੇ ਹਨ। ਚੰਗੀਆਂ ਮਿਆਰੀ ਪੁਸਤਕਾਂ ਦਾ ਮੁੱਲ ਹਮੇਸ਼ਾ ਰਹਿੰਦਾ ਹੈ, ਅੱਜ ਵੀ ਹੈ ਅਤੇ ਉਹ ਸਦੀਵੀ ਰਹਿੰਦਾ ਹੈ।

*******

# ਵਿਸ਼ਾ ਪੱਖ

ਮਿੰਨੀ ਕਹਾਣੀ ਦਾ ਅਹਿਸਾਸ ਜਾਂ ਪ੍ਰਭਾਵ ਬੜਾ ਤੀਖਣ ਅਤੇ ਚਿਰ-ਸਥਾਈ ਹੋਣਾ ਚਾਹੀਦਾ ਹੈ। ਇਸ ਵਿਚ ਤੇਜ਼ ਗਤੀ ਜਾਂ ਰਫ਼ਤਾਰ ਵਾਲੇ ਅਹਿਸਾਸ, ਸੰਕੇਤਕ ਭਾਸ਼ਾ ਅਤੇ ਪ੍ਰੱਪਕ ਸ਼ੈਲੀ ਦਾ ਹੋਣਾ ਜ਼ਰੂਰੀ ਹੈ। ਮਿੰਨੀ ਕਹਾਣੀ ਵਿਚ ਛਿਣ-ਭੰਗੁਰ ਜਾਂ ਵਕਤੀ ਪ੍ਰਭਾਵ ਦੀ ਕੋਈ ਅਹਿਮੀਅਤ ਨਹੀਂ ਹੁੰਦੀ। ਇਸ ਵਿਧਾ ਵਿਚ ਹੁਣ ਤੱਕ ਢੇਰ ਸਾਰੀਆ ਮੋਲਿਕ, ਸੰਪਾਦਿਤ ਅਤੇ ਅਨੁਵਾਦਿਤ ਪੁਸਤਕਾਂ ਮਾਰਕੀਟ ਵਿਚ ਆ ਚੁੱਕੀਆਂ ਹਨ। ਨਵੇਂ ਲੇਖਕ ਇਸਨੂੰ ਤੱਟ-ਫੱਟ ਅਪਨਾ ਰਹੇ ਹਨ, ਕਿਉਂਕਿ ਇਹ ਦੇਖਣ ' ਚ ਸਰਲ ਤੇ ਸੌਖੀ ਲਗਦੀ ਹੈ ਅਤੇ ਇਸਦੇ ' ਰਿਜ਼ਲਟਸ' ਵੀ ਛੇਤੀ ਮਿਲਦੇ ਹਨ। ਨਾਲੇ ਇਹ ਪਿੜ ਖਾਲੀ ਪਿਆ ਲਗਦਾ ਹੈ-ਇਹ ਅਹਿਸਾਸ ਵੀ ਮਨ ਦੇ ਵਿਚ ਆ ਜਾਂਦਾ ਹੈ। ਛੇਤੀ ਨਾਲ ਰਾਤੋਂ-ਰਾਤ (over night) ਪ੍ਰਸਿੱਧੀ ਦਾ ਲਕਸ਼ ਸਾਹਵੇਂ ਰੱਖਿਆ ਗਿਆ ਹੁੰਦਾ ਹੈ। ਇਨ੍ਹਾਂ ਗੱਲਾਂ ਦੇ ਬਾਵਜੂਦ ਇਹ ਕਿਹਾ ਜਾ ਸਕਦਾ ਹੈ ਕਿ ਇਸ ਵਿਧਾ ਵਿਚ ਚੰਗਾ ਲਿਖਿਆ ਹੀ ਨਹੀਂ ਜਾ ਰਿਹਾ ਜਾਂ ਗੰਭੀਰ ਲੇਖਕ ਨਹੀਂ ਹਨ ਜਾਂ ਖਤਮ ਹੋ ਗਏ ਹਨ। ਚੰਗੀ ਚੀਜ਼ ਸਾਹਮਣੇ ਆਉਂਦੀ ਹੈ ਤਾਂ ਜ਼ਰੂਰ ਸਲਾਹੀ ਜਾਂਦੀ ਹੈ, ਉਸ ਵੱਲ ਸਭ ਦਾ ਧਿਆਨ ਜਾਂਦਾ ਹੈ। ਪਰੰਤੂ ਜਿਵੇਂ ਕਿ ਪ੍ਰੋ. ਹਰਬੰਸ ਸਿੰਘ ਹੋਰਾਂ ਨੇ ਨਿੱਕੀ ਕਹਾਣੀ ਬਾਰੇ ਕਦੇ ਕਿਹਾ ਸੀ 'A best of Virk is the best of Panjabi short story' ਉਵੇਂ ਅਸੀਂ ਕਿਸੇ ਇਕ ਮਿੰਨੀ ਕਹਾਣੀਕਾਰ ਦਾ ਨਾਂ ਕਦੋਂ ਲੈ ਸਕਣ ਜੋਗੇ ਹੋਵਾਂਗੇ, ਜਿਹੜਾ ਕਿ ਸਭ ਤੋਂ ਉੱਤਮ ਅਤੇ ਸਰਵਸ੍ਰੇਸ਼ਠ ਹੋਵੇ। ਬਿਨਾਂ ਵਜ੍ਹਾ ਆਪਣੇ ਸਿਰ ਉਪਰ ਇਸਦੇ ਪਿਤਾਮਾਂ ਜਾਂ ਮੋਢੀ ਹੋਣ ਦਾ ਤਾਜ ਸਜਾਈ ਫਿਰਨਾ ਜਾਂ ਢਿੱਡੋਰਾ ਪਿੱਟੀ ਜਾਣਾ ਕਿ ਮੈ ਸਭ ਤੋਂ ਪਹਿਲਾ ਮਿੰਨੀ ਕਹਾਣੀ ਲਿਖੀ ਜਾਂ ਸੰਗ੍ਰਹਿ ਛਪਵਾਇਆ ਸੀ। ਆਪਣੇ ਆਪ ਨੂੰ ਆਪ ਹੀ 'Father of Mini story' ਦਾ ਖ਼ਿਤਾਬ ਦੇਈ ਜਾਣਾ, ਕਿੰਨ੍ਹਾਂ ਕੁ ਸ਼ੋਭਾ ਦਿੰਦਾ ਹੈ, ਇਹ ਕਿੰਨਾ ਹਾਸੋਹੀਣਾ ਲੱਗਦਾ ਹੈ। ਇਸੇ ਲਈ ਸਾਡਾ ਆਲੋਚਕ ਦੂਰ ਖੜਾ ਹੋ ਕੇ ਮੁਸਕਰਾ ਰਿਹਾ ਹੈ ਅਤੇ ਤਮਾਸ਼ਾ ਦੇਖ ਰਿਹਾ ਹੈ ਕਿ ਇਨ੍ਹਾਂ ਨੂੰ ਆਪਸ 'ਚ ਹੀ ਲੜਨ ਦਿਉ, ਇਹ ਇਸੇ ਕਾਬਿਲ ਹਨ।

ਅਜੋਕੇ ਸਾਹਿਤ ਦਾ ਇਹ ਖ਼ਾਸਾ ਹੈ ਕਿ ਉਹ ਸਾਧਾਰਣਤਾ ਵਿਚੋਂ ਅਸਾਧਾਰਣਤ ਲੱਭਦਾ ਹੈ ਅਤੇ ਪੇਸ਼ ਕਰਦਾ ਹੈ। ਇਹੀ ਗੱਲ ਮਿੰਨੀ ਕਹਾਣੀ ਤੇ ਵੀ ਢੁੱਕਦੀ ਹੈ। ਇਹ ਆਮ ਜਿਹੀ, ਸਾਧਾਰਣ ਜਿਹੀ ਗੱਲ ਜਾਂ ਘਟਨਾ ਵਿਚੋਂ ਜ਼ਿੰਦਗੀ ਦੇ ਡੂੰਘੇ ਅਰਥ ਸਿਰਜਣੇ ਹੀ ਕਲਾ ਦੀ ਨਿਸ਼ਾਨੀ ਹੈ। ਇਹ ਕੰਮ ਕੋਈ ਹੰਢਿਆ ਹੋਇਆ ਕਲਾਕਾਰ ਜਾਂ ਲੇਖਕ ਹੀ ਕਰ ਸਕਦਾ ਹੈ। ਇਸੇ ਵਿਚ ਹੀ ਉਸਦੀ ਨਿਪੁੰਨਤਾ, ਕਾਬਲੀਅਤ ਅਤੇ ਸਮੱਰਥਾ (capability) ਸਮਾਈ ਹੁੰਦੀ ਹੈ। ਮਿੰਨੀ ਕਹਾਣੀ ਦੇ ਲੋਕਪ੍ਰਿਯ ਜਾਂ ਹਰਮਨ-ਪਿਆਰ ਹੋਣ ਦਾ ਮੁਖ ਕਾਰਣ ਇਸਦਾ ਆਕਾਰ ਪੱਖੋਂ ਛੋਟਾ ਹੋਣਾ ਹੀ ਨਹੀ; ਸਗੋਂ ਪਾਠਕ ਦੇ ਮਨ ਤੇ ਤੀਖਣ, ਡੂੰਘਾ ਅਤੇ ਚਿਰ-ਸਥਾਈ ਪ੍ਰਭਾਵ ਪਾਉਣ ਕਾਰਣ ਹੈ। ਇਹ ਬਿਲਕੁਲ ਦਰੁੱਸਤ ਨਹੀਂ ਕਿ ਕੋਈ ਪਾਠਕ ਨਿੱਕੀ ਜਾਂ ਮਿੰਨੀ ਰਚਨਾ ਦੇਖਕੇ ਉਸਨੂੰ ਪਹਿਲਾਂ ਪੜ੍ਹਦਾ ਹੈ, ਉਹ ਛੋਟੀ ਦੇਖ ਕੇ ਇਸ ਲਈ ਪੜ੍ਹਦਾ ਹੈ। ਕਿ ਉਸਨੂੰ ਜਲਦੀ ਤੋਂ ਜਲਦੀ ਕੁਝ ਪ੍ਰਾਪਤ ਜਾਂ ਕੁਝ ਹਾਸਿਲ ਹੋ ਜਾਵੇ। ਨਹੀਂ ਤਾਂ ਉਹ ਛੋਟੀ ਦੇਖ ਕੇ ਵੀ ਨਾ ਪੜ੍ਹੇ, ਅਣਗੌਲਿਆ ਹੀ ਕਰ ਦੇਵੇ।

ਜਦੋਂ ਵੀ ਸਾਹਿਤ ਦੀ ਕਿਸੇ ਵੰਨਗੀ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਉਸਨੂੰ ਉਸਦੇ ਰੂਪ ਦੇ ਪ੍ਰਸੰਗ ਵਿਚ ਰੱਖ ਕੇ ਦੇਖਿਆ ਜਾਂਦਾ ਹੈ। ਇਹ ਦੋਨੋਂ ਇਕ ਦੂਜੇ ਦੇ ਪੂਰਕ ਹਨ। ਵਸਤੂ ਅਤੇ ਰੂਪ ਇਕ ਦੂਜੇ ਦਾ ਅਨਿੱਖੜਵਾਂ ਅੰਗ ਹਨ। ਮਿੰਨੀ ਕਹਾਣੀ ਦੇ ਸੰਦਰਭ ਵਿਚ ਵੀ ਇਹ ਗੱਲ ਸਪਸ਼ਟ ਹੋਣੀ ਜ਼ਰੂਰੀ ਹੈ ਕਿ ਵਸਤੂ ਹੀ ਰੂਪ ਨੂੰ ਨਿਰਧਾਰਤ ਕਰਦਾ ਹੈ। ਇਹ ਗੱਡੀ ਦੇ ਦੋ ਪਹੀਆਂ ਵਾਂਗ ਹਨ, ਇਕ ਤੋਂ ਬਿਨਾਂ ਦੂਜੇ ਦੀ ਕੋਈ ਹੋਂਦ ਜਾਂ ਮੁੱਲ ਨਹੀਂ ਹੁੰਦਾ। ਸਾਹਿਤ ਦੀ ਹਰੇਕ ਵਿਧਾ ਨੂੰ ਇਨ੍ਹਾਂ ਗੱਲਾਂ ਤੇ ਪੂਰਾ ਉਤਰਨਾ ਪੈਂਦਾ ਹੈ।

ਨਿੱਕੀ ਕਹਾਣੀ ਦਾ ਜਨਮ 1920 ਤੋਂ ਮੰਨਿਆ ਜਾਂਦਾ ਹੈ, ਜਦੋਂ ਕਿ ਮਿੰਨੀ ਕਹਾਣੀ ਸੱਤਰਵਿਆਂ ਦੀ ਦੇਣ ਹੈ। ਨਿੱਕੀ ਕਹਾਣੀ ਬਾਰੇ ਇਕ ਵਾਰ ਪ੍ਰੋ.ਹਰਬੰਸ ਸਿੰਘ ਹੋਰਾਂ ਲਿਖਿਆ ਸੀ: "It will however he difficult to endorse the many tall claims which are generally advanced on behalf of the panjabi short story and oft-repeated platitude that it can match the best in any language. Inspite of the complacency and vanity of many authors, a really good story in panjabi is extremely rare to come by (Aspects of panjabi Literature.) ਜਿਸ ਸਮੇਂ ਉਨ੍ਹਾਂ ਨੇ ਉਕਤ ਟਿੱਪਣੀ ਦਿਤੀ ਸੀ, ਉਸ ਸਮੇਂ ਕੋਈ ਚੰਗੀ ਨਿੱਕੀ ਕਹਾਣੀ ਦੇ ਘੱਟ ਹੀ ਦਰਸ਼ਨ ਹੁੰਦੇ

ਸਨ, ਭਾਵੇਂ ਬਾਅਦ ਵਿਚ ਇਹ ਵਿਧਾ ਸੰਸਾਰ ਦੇ ਮੇਚ ਦੀ ਹੋ ਕੇ, ਸੀਨਾ ਤਾਣ ਕੇ ਖੜੀ ਹੋ ਗਈ ਹੈ। ਇਸ ਤੋਂ ਇਹੀ ਪਤਾ ਚਲਦਾ ਹੈ ਕਿ ਕੋਈ ਵੀ ਨਵੀਂ ਫਾਰਮ ਆਪਣੇ ਪਹਿਲੇ ਪੜਾਅ 'ਚ ਖ਼ਾਮੀਆਂ ਤੇ ਕਮਜ਼ੋਰੀਆਂ ਸਮੋਈ ਬੈਠੀ ਹੁੰਦੀ ਹੈ, ਜਦੋਂ ਉਸਨੂੰ ਕਿਸੇ ਦੂਜੀ ਵਿਕਸਿਤ ਹੋ ਚੁੱਕੀ ਵਿਧਾ ਨਾਲ ਤੁਲਨਾ ਕਰਦੇ ਹਾਂ ਤਾਂ ਉੱਥੇ ਵੀ ਪੱਲੜਾ ਇਕਸਾਰ ਨਹੀਂ ਰਹਿੰਦਾ, ਸਮੇਂ ਦਾ ਅੰਤਰਾਲ ਵੀ ਆਪਣੀ ਅਹਿਮੀਅਤ ਰੱਖਦਾ ਹੈ।

ਸਾਹਿਤ ਨੂੰ ਬੇਬਾਕੀ ਅਤੇ ਦਲੇਰੀ ਨਾਲ ਰਚਣਾ ਇਕ ਵੱਡੀ ਗੱਲ ਹੈ। ਇਹ ਸਾਹਿਤ ਸੁਹਜ ਮਈ ਵੀ ਹੋਵੇ ਅਤੇ ਸੇਧਮਈ ਵੀ, ਨਹੀਂ ਤਾਂ ਸਾਹਿਤ ਰਚਣ ਦੇ ਕੋਈ ਅਰਥ ਜਾਂ ਮਾਅਨੇ ਨਹੀਂ ਰਹਿ ਜਾਂਦੇ। ਸਾਹਿਤ ਦਾ ਅਸਲੀ ਮਨੋਰਥ "ਸਤਯਮ, ਸ਼ਿਵਮ, ਸੁੰਦਰਮ", ਹੁੰਦਾ ਹੈ। ਲਘੂ ਕਥਾ ਜਾਂ ਮਿੰਨੀ ਕਹਾਣੀ ਆਪਣੇ ਪਾਠਕ ਨੂੰ ਸਿਆਣਾ ਅਤੇ ਸੋਚਵਾਨ ਵਿਅਕਤੀ ਸਮਝਦੀ ਹੋਈ, ਉਸ ਨਾਲ ਆਦੇਸ਼ ਦੀ ਬਜਾਏ, ਸੁਝਾਅ ਦੀ ਜ਼ੁਬਾਨ ਵਿਚ ਗੱਲ ਕਰਦੀ ਹੈ। ਸੁਝਾਅ (Suggestion) ਵਿਚ ਵਧੇਰੇ ਤਾਕਤ ਹੁੰਦੀ ਹੈ, ਬਨਿਸਬਤ ਹੁਕਮ ਕਰਨ ਜਾਂ ਕੁਝ ਥੋਪਣ ਦੇ। ਇਨ੍ਹਾਂ ਸਮਿਆਂ ਵਿਚ ਬੱਚਾ ਵੀ ਹੁਕਮ ਦੀ ਮੰਗ ਨਹੀਂ ਕਰਦਾ, ਸਗੋਂ ਪ੍ਰੇਮ-ਪੂਰਬਕ ਸੁਝਾਅ ਦੀ ਆਸ ਰਖਦਾ ਹੈ। ਲੇਖਕ ਨੂੰ ਅਜਿਹੇ ਵਿਸ਼ੇ ਚੁਣਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਮਿੰਨੀ ਕਹਾਣੀ ਵਿਚ ਮੈਥੇਮੈਟਿਕਸ ਵਾਂਗ ਕੋਈ ਸ਼ਬਦ ਸੀਮਾ ਨਹੀਂ ਨਿਰਧਾਰਤ ਕੀਤੀ ਜਾ ਸਕਦੀ, ਕਿਉਂਕਿ ਕੇਵਲ ਆਕਾਰ ਦਾ ਛੋਟਾ ਜਾਂ ਲਘੂ ਹੋਣਾ ਹੀ ਮਿੰਨੀ ਕਹਾਣੀ ਦਾ ਨਿਖੇੜਕ ਲੱਛਣ ਨਹੀਂ ਹੈ। ਮਿੰਨੀ ਕਹਾਣੀ ਦਾ ਵਸਤੂ ਹੀ ਇਸਦੀ ਸ਼ਬਦ ਸੀਮਾ ਨੂੰ ਨਿਸ਼ਚਿਤ ਕਰਦਾ ਹੈ। ਵਿਸ਼ਾ-ਵਸਤੂ (subject matter) ਦੀ ਵਧੇਰੇ ਮਹੱਤਤਾ ਹੁੰਦੀ ਹੈ, ਬਜਾਏ ਕਿ ਸ਼ਬਦਾਂ ਦੀ ਸੀਮਾ ਦੇ। ਰਚਨਾ ਵਿਚ ਕਲਾ+ਕਥਾ ਹੋਣੀ ਲਾਜ਼ਮੀ ਹੈ। ਮਿੰਨੀ ਕਹਾਣੀ ਵਿਚ ਕਹੀ ਗਈ ਛੋਟੀ ਜਿਹੀ ਗੱਲ ਨਾਲ ਹੀ ਪਾਠਕ ਦੀ ਸੋਚ ਨੂੰ ਇਕ ਵੱਡੀ ਜ਼ੁਬਸ਼ ਮਿਲਦੀ ਹੈ, ਜਿਸ ਨਾਲ ਉਹ ਇਕ ਵਾਰੀ ਤਾਂ ਹਿੱਲ ਜਾਂਦਾ ਹੈ ਜਾਂ ਉਸਨੂੰ ਝੱਟਕਾ ਜਿਹਾ ਲਗਦਾ ਹੈ। "ਮਿੰਨੀ ਕਹਾਣੀ ਨੂੰ ਜੇਕਰ ਗਲਪੀ ਵਾਰਤਕ ਦਾ ਸਿਖ਼ਰ ਕਿਹਾ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ।" (ਜਗਦੀਸ਼ ਅਰਮਾਨੀ)

ਮਿੰਨੀ ਕਹਾਣੀ ਵਿਚ ਸਾਰਥਿਕ ਵਿਸ਼ਾ ਵਸਤੂ ਅਤੇ ਸਜੀਵ ਕਲਾਤਮਿਕ ਸਰੂਪ ਦੋਂਵੇ ਹੀ ਅਤਿ ਜ਼ਰੂਰੀ ਅਤੇ ਲਾਜ਼ਮੀ ਹਨ। ਇਕ ਤੋਂ ਬਿਨਾ ਦੂਜੇ ਦੀ ਕੋਈ ਗਤੀ ਨਹੀਂ, ਕੋਈ ਵਿਸ਼ੇਸ਼ਤਾ ਨਹੀਂ। ਵਿਸ਼ਾ ਵਸਤੂ (subject matter) ਆਪਣੇ ਆਪ ਰੂਪ ਧਾਰਨ ਕਰ

ਲੈਂਦਾ ਹੈ। ਵਿਸ਼ਿਆਂ ਦੀ ਗਿਣਤੀ ਜਾਂ ਸੀਮਾ ਤਾਂ ਉਹੀ ਹੁੰਦੀ ਹੈ ਪਰੰਤੂ ਉਸਦਾ ਨਿਬਾਹ ਜਾਂ ਉਸਦੀ ਪੇਸ਼ਕਾਰੀ (presentation) ਅਲੱਗ ਅਲੱਗ ਹੁੰਦੀ ਹੈ। ਜਿਸ ਪ੍ਰਕਾਰ ਦਾ ਵਿਸ਼ਾ ਹੋਵੇਗਾ ਉਸੇ ਪ੍ਰਕਾਰ ਦਾ ਰੂਪ ਸਾਹਮਣੇ ਆ ਜਾਵੇਗਾ। ਜੇ ਵਸਤੂ ਗੁਣਕਾਰੀ ਹੋਵੇ ਅਤੇ ਨਾਲ ਹੀ ਉਸਦੀ ਸ਼ਕਲ ਜਾਂ ਰੂਪ ਚੰਗਾ ਹੋਵੇ ਤਾਂ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ। ਚੰਗੇ ਰੂਪ ਨੂੰ ਬਹੁਤਾ ਸੰਵਾਰਨਾ ਜਾਂ ਸਜਾਣਾ ਠੀਕ ਨਹੀਂ ਹੁੰਦਾ, ਸਗੋਂ ਲੋੜ ਅਨੁਸਾਰ ਹੀ ਉਸ ਉੱਤੇ ਭਾਰ ਪਾਉਣਾ ਬਿਹਤਰ ਹੁੰਦਾ ਹੈ। ਮਿੰਨੀ ਕਹਾਣੀ ਦਾ ਲੱਕ ਹੀ ਇਹੜਾ ਕੁ ਹੈ ਕਿ ਉਸ ਉੱਤੇ ਜ਼ਿਆਦਾ ਭਾਰ ਪਾਉਣਾ ਲੱਕ ਤੋੜਨ ਵਾਲੀ ਗੱਲ ਹੋਵੇਗੀ।

ਕੁਝ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਇਸ ਸਿਨਫ਼ ਜਾਂ ਵੰਨਗੀ ਦੀ ਪਛਾਣ, ਇਸ ਦੇ ਨਿੱਕੇ ਜਾਂ ਛੋਟੇ ਆਕਾਰ ਕਰਕੇ ਨਹੀਂ ਹੋਵੇਗੀ, ਸਗੋਂ ਇਸ ਵਿਚਲੇ ਮਿੰਨ੍ਹੇ ਅਰਥ-ਸੰਚਾਰ ਕਰਕੇ ਹੋਵੇਗੀ ਅਰਥਾਤ ਕਹਾਣੀ ਦਾ ਡੰਗ ਜਾਂ ਚੋਭ ਜਿੰਨਾ ਤਿੱਖਾ, ਕਾਟਵਾਂ ਅਤੇ ਅਸਰਦਾਰ ਹੋਵੇਗਾ, ਉਹਨੀ ਹੀ ਰਚਨਾ ਚਿਰ-ਸਥਾਈ (ever-lasting) ਅਤੇ (immortal) ਹੋਵੇਗੀ। ਲਘੂ ਕਥਾ ਨੂੰ ਲਘੂ ਬਨਾਉਣ ਜਾਂ ਇਸਦੀ ਲੰਬਾਈ/ਆਕਾਰ ਨਿੱਕਾ ਕਰਨ ਦੇ ਚੱਕਰ ਵਿਚ ਉਸਦੀ ਚੋਭ ਜਾਂ ਡੰਗ (sling) ਦਾ ਤਿੱਖਾਪਣ ਮਨਫ਼ੀ ਜਾਂ ਗਾਇਬ ਨਹੀਂ ਕਰ ਦੇਣਾ ਚਾਹੀਦਾ। ਸੁਹਜਮਈ ਕਲਾਤਮਕ ਭਾਸ਼ਾ ਅਤੇ ਸਪੱਸ਼ਟਤਾ, ਵਾਰਤਾਲਾਪ ਅਤੇ ਕਹਾਣੀ-ਰਸ ਅਤਿ ਜ਼ਰੂਰੀ ਤੇ ਮੀਰੀ ਗੁਣ ਹੁੰਦੇ ਹਨ, ਇਸ ਤੋਂ ਬਿਨਾ ਮਿੰਨੀ ਕਹਾਣੀ ਦਾ ਸਰੂਪ ਨਹੀਂ ਬਣ ਸਕਦਾ। ਇਹ ਸਮਾਚਾਰ-ਪੱਤਰਾਂ ਦੀ ਬਿਆਨੀਆ ਸ਼ੈਲੀ ਜਾਂ ਸਟੇਟਮੈਂਟ ਹੀ ਬਣ ਕੇ ਰਹਿ ਜਾਂਦਾ ਹੈ। ਕੁਝ ਸਮਰੱਥ ਅਤੇ ਸੂਝਵਾਨ ਲੇਖਕ, ਅਖਬਾਰਾਂ ਦੀਆਂ ਕਤਰਨਾਂ ਜਾਂ ਖਬਰਾਂ ਤੋਂ ਹੀ ਵਧੀਆ ਅਤੇ ਖੂਬਸੂਰਤ ਮਿੰਨੀ ਕਹਾਣੀਆਂ ਬਣਾ ਲੈਂਦੇ ਹਨ, ਜਿਨ੍ਹਾਂ ਵਿਚੋਂ ਉਨ੍ਹਾਂ ਦੀ ਕਲਾ ਝਲਕਦੀ ਦਿਸਦੀ ਹੈ, ਉਨ੍ਹਾਂ ਦੀ ਸ਼ੈਲੀ ਦੇ ਦਰਸ਼ਨ ਹੁੰਦੇ ਹਨ। ਉਹ ਅੱਖਰਾਂ ਨੂੰ ਹੀ ਕਲਮ ਨਾਲ ਕਾਗਜ਼ ਤੇ ਚਿਤਰ ਕੇ ਰੱਖ ਦਿੰਦੇ ਹਨ ਕਿ ਪੜ੍ਹਨ ਵਾਲਾ ਅਸ਼ ਅਸ਼ ਕਰ ਉੱਠਦਾ ਹੈ। ਇਹੀ ਲੇਖਕ ਦੀ ਖੂਬੀ ਹੁੰਦੀ ਹੈ। ਯਥਾਰਥ ਨੂੰ ਨਿਰੇ ਯਥਾਰਥਕ ਰੂਪ ਵਿਚ ਹੀ ਪੇਸ਼ ਕਰਨਾ ਕੋਈ ਅਲੋਕਾਰ ਤੇ ਵਿਸ਼ੇਸ਼ ਗੱਲ ਨਹੀਂ। ਜਿਵੇਂ ਕੋਈ ਨਾਵਲਕਾਰ, ਇਤਿਹਾਸ ਨੂੰ ਇੰਨ-ਬਿੰਨ ਆਪਣੇ ਨਾਵਲ ਵਿਚ ਚਿਤਰ ਦੇਵੇ ਤਾਂ ਉਹ ਗਲਪੀ ਰਚਨਾ ਨਾ ਹੋ ਕੇ ਇਤਹਾਸ ਹੋ ਨਿਬੜੇਗੀ। ਲਿਖਾਰੀ ਦਾ ਮਨੋਰਥ ਜਾਂ ਉਦੇਸ਼ ਹੁੰਦਾ ਹੈ ਕਿ ਉਹ ਰਚਨਾ ਨੂੰ ਕਲਾਤਮਕ ਪਹਿਲੂ ਜਾਂ ਜ਼ਾਵੀਏ (angle) ਤੋਂ ਵਿਅਕਤ ਕਰੇ, ਜਿਸ ਵਿਚੋਂ ਉਸਦੀ ਕਲਾ ਪ੍ਰਤੱਖ ਰੂਪ

ਵਿਚ ਝਲਕਦੀ ਨਜ਼ਰੀ ਪਵੇ। ਲੇਖਕ ਖ਼ੁਦ ਹੀ ਨਾ ਬੋਲਦਾ ਜਾਵੇ, ਉਸਦੇ ਪਾਤਰ ਬੋਲਦੇ ਹੋਣ, ਉਸਦੀ ਰਚਨਾ ਬੋਲਦੀ ਹੋਵੇ। ਉਹ ਆਪ ਪਿੱਠ-ਭੂਮੀ (background) ਵਿਚ ਰਹਿਣਾ ਚਾਹੀਦਾ ਹੈ। ਜੋ ਵੀ ਸੰਦੇਸ਼ ਉਹ ਦੇਣਾ ਚਾਹੁੰਦਾ ਹੈ ਉਹ ਆਪਣੀ ਰਚਨਾ ਦੁਆਰਾ, ਪਾਤਰਾਂ ਦੁਆਰਾ ਦੇਵੇ।

ਮਿੰਨੀ ਕਹਾਣੀਕਾਰਾਂ ਨੂੰ ਚਾਹੀਦਾ ਹੈ ਕਿ ਉਹ ਗਿਣੇ ਮਿੱਥੇ, ਸੀਮਿਤ ਜਿਹੇ ਵਿਸ਼ਿਆਂ ਤੇ ਹੀ ਆਪਣੀਆਂ ਕਲਮਾਂ ਨਾ ਚਲਾਈ ਜਾਣ, ਉਹ ਵਿਸ਼ਿਆਂ ਵਿਚ ਭਿੰਨਤਾ ਅਤੇ ਨਵੀਨਤਾ ਲਿਆਉਣ। ਜਦੋਂ ਇਕੋ ਵਿਸ਼ੇ ਨੂੰ ਲੈ ਕੇ ਸਾਡੇ ਰਚਨਾਕਾਰ ਆਪਣੀਆਂ ਰਚਨਾਵਾਂ ਰਚੀ ਜਾਂਦੇ ਹਨ ਤਾਂ ਸੁਚੇਤ ਤੇ ਜਾਗਰੂਕ ਪਾਠਕ ਲਈ ਇਹ ਬੋਰੀਅਤ ਤੋਂ ਸਿਵਾਏ ਹੋਰ ਕੋਈ ਇਜ਼ਾਫਾ ਨਹੀਂ ਕਰਦੀਆਂ। ਉਸਨੂੰ ਜਾਪਣ ਲਗਦਾ ਹੈ ਕਿ ਇਹ ਰਚਨਾ ਪਹਿਲਾਂ ਵੀ ਕਿਤੇ ਪੜ੍ਹੀ ਹੋਈ ਹੈ, ਸਿਰਫ਼ ਸ਼ਬਦਾਂ ਦਾ ਹੀ ਹੇਰ-ਫੇਰ ਹੈ। ਕਿਸੇ ਇਕ ਵਿਸ਼ੇ ਤੇ ਲਿਖਣ ਨੂੰ ਫੈਸ਼ਨ ਜਿਹਾ ਹੀ ਨਹੀ ਬਣਾ ਲੈਣਾ ਚਾਹੀਦਾ, ਸਗੋਂ ਵਿਸ਼ਿਆਂ ਨੂੰ ਬਦਲ-ਬਦਲ ਕੇ ਇਸਤੇਮਾਲ ਕਰਨਾ ਚਾਹੀਦਾ ਹੈ। ਵਿਸ਼ੇ ਜ਼ਰੂਰ ਸੀਮਿਤ ਹੁੰਦੇ ਹਨ ਪਰ ਉਨ੍ਹਾਂ ਨੂੰ ਆਪਣੀ ਕਲਾਤਮਕ ਸੂਝ, ਕਲਾ-ਕੌਸ਼ਲਤਾ ਰਾਹੀਂ ਚਾਰ ਚੰਨ ਲਾਏ ਜਾ ਸਕਦੇ ਹਨ। ਇਕ ਲੇਖਕ ਦੀ ਸਫਲਤਾ ਇਸੇ ਵਿਚ ਛੁੱਪੀ ਹੁੰਦੀ ਹੈ, ਇਸੇ ਵਿਚੋਂ ਹੀ ਉਸਦੀ ਪ੍ਰਤਿਭਾ (talent) ਦੇ ਦਰਸ਼ਨ ਹੁੰਦੇ ਹਨ। ਅਜੋਕਾ ਮਿੰਨੀ ਕਹਾਣੀਕਾਰ ਰਾਜਨੀਤੀ, ਪੁਲਿਸ, ਪੰਜਾਬ ਸਮੱਸਿਆ, ਔਰਤ-ਮਰਦ ਦੇ ਜਿਨਸੀ ਸਬੰਧ, ਦਾਜ, ਚੋਰ-ਬਾਜ਼ਾਰੀ, ਭ੍ਰਿਸ਼ਟਾਚਾਰ, ਵੇਸਵਾਪੁਣਾ, ਵਿਦਿਅਕ ਗਿਰਾਵਟ ਆਦਿ ਵਿਸ਼ਿਆਂ ਉੱਤੇ ਬਹੁਤ ਜ਼ਿਆਦਾ ਲਿਖ ਰਿਹਾ ਹੈ। ਰਚਨਾਕਾਰ ਦੀ ਤਕਨੀਕ, ਪੇਸ਼ਕਾਰੀ ਅਤੇ ਸ਼ੈਲੀ ਨਿਵੇਕਲੀ ਹੋਣੀ ਚਾਹੀਦੀ ਹੈ ਅਤੇ ਉਸ ਉੱਤੇ ਉਸਦੀ ਛਾਪ ਜਾਂ ਮੁਹਰ ਦਿਸਣੀ ਚਾਹੀਦੀ ਹੈ। ਪਾਠਕ ਨੂੰ ਦੁਹਰਾਅ (repetition) ਦਾ ਅਹਿਸਾਸ ਨਹੀਂ ਹੋਣ ਦੇਣਾ ਚਾਹੀਦਾ, ਇਕੋ ਵਿਸ਼ੇ ਨੂੰ ਬਾਰ ਬਾਰ ਨਹੀਂ ਚਿਥਣਾ ਚਾਹੀਦਾ। ਵਿਸ਼ੇ ਬਾਰੇ ਰਚਨਾਕਾਰ ਨੂੰ ਜ਼ਰੂਰ ਗੰਭੀਰ ਹੋਣਾ ਚਾਹੀਦਾ ਹੈ। ਜਿਵੇਂ ਨਿੱਤ ਇਕੋ ਜਿਹਾ ਭੋਜਨ ਸਾਨੂੰ ਚੰਗਾ ਨਹੀਂ ਲਗਦਾ, ਉਵੇਂ ਹੀ ਵਿਸ਼ਿਆਂ ਵਿਚ ਵੀ ਵੰਨ-ਸੁਵੰਨਤਾ ਦਾ ਹੋਣਾ ਲਾਜ਼ਮੀ ਹੁੰਦਾ ਹੈ। ਇਕੋ ਜਿਹੇ ਵਿਸ਼ੇ ਅਕਾਊਪਣਾ ਪੈਦਾ ਕਰਦੇ ਹਨ।

'ਮਿੰਨੀ' (ਪ੍ਰਵੇਸ਼ ਅੰਕ) ਵਿਚ ਪ੍ਰੋ. ਓ. ਪੀ. ਕਾਲੀਆ ਦਾ ਕਥਨ ਹੈ "ਕਿਹਾ ਜਾਂਦਾ ਹੈ ਕਿ ਰਿਗਵੇਦ ਦੁਨੀਆਂ ਦੀ ਸਭ ਤੋਂ ਪੁਰਾਣੀ ਪੁਸਤਕ ਹੈ ਪਰ ਪਿੱਛੇ ਜਿਹੇ ਇਕ ਚੀਨੀ ਪੁਸਤਕ

ਤੇ ਰੋਸ਼ਨੀ ਪਈ ਹੈ, ਜਿਹੜੀ ਰਿਗਵੇਦ ਤੋਂ ਵੀ ਕਾਫੀ ਪੁਰਾਤਨ ਹੈ। ਉਸ ਵਿਚ ਛੇ ਕੁ ਸ਼ਤਰਾਂ ਦੀ ਮਿੰਨੀ ਕਹਾਣੀ ਆਉਂਦੀ ਹੈ, ਜਿਹੜੀ ਉਸ ਸਮੇਂ ਦੇ ਹਾਕਮਾਂ ਤੇ ਡੂੰਘੀ ਚੋਟ ਕਰਦੀ ਹੈ :

"ਚੋਰ, ਚੋਰ, ਚੋਰ ! ਫੜ ਲਵੋ, ਫੜ ਲਵੋ। ਚੋਰ ਫੜਿਆ ਜਾਂਦੈ। ਮਾਰ ਕੁਟਾਈ ਹੁੰਦੀ ਹੈ। ਥਾਣੇਦਾਰ ਕੋਲ ਲਿਆਇਆ ਜਾਂਦੈ। ਚਲੇ ਜਾਵੋ, ਅਸੀਂ ਸਜ਼ਾ ਦੇਵਾਂਗੇ। ਥੋੜੇ ਪਲਾਂ ਬਾਅਦ ਹੀ ਚੋਰ ਛੱਡ ਦਿਤਾ ਜਾਂਦੈ। ਲੁੱਟ ਦਾ ਹਿੱਸਾ ਉਪਰੋਂ ਥੱਲੇ ਤੱਕ ਵੰਡ ਲਿਆ ਜਾਂਦੈ !"

ਰਿਸ਼ਵਤਖੋਰੀ ਦਾ ਵਿਸ਼ਾ ਕਿੰਨਾ ਪੁਰਾਣਾ ਹੈ, ਉਕਤ ਮਿੰਨੀ ਰਚਨਾ ਤੋਂ ਪਤਾ ਚਲ ਜਾਂਦਾ ਹੈ। ਕੇਵਲ ਲੇਖਕ ਦੀ ਅੱਖ ਹੈ ਕਿ ਉਹ ਉਸ ਵਿਸ਼ੇ ਨੂੰ ਕਿਸ ਕਲਾਤਮਕਤਾ ਨਾਲ ਰੂਪਮਾਨ ਜਾਂ ਅਭਿਵਅੱਕਤ ਕਰਦੀ ਹੈ।

******

## ਕਲਾ ਪੱਖ

ਮਿੰਨੀ ਕਹਾਣੀ ਨੂੰ ਇਹਨਾਂ ਮਿੰਨੀ, ਨਿੱਕਾ ਜਾਂ ਛੋਟਾ ਨਹੀਂ ਕਰ ਦੇਣਾ ਚਾਹੀਦਾ ਹੈ ਕਿ ਉਸਦੀ ਆਤਮਾ, ਕਥਾ ਜਾਂ ਕਹਾਣੀ ਹੀ ਗਾਇਬ ਹੋ ਜਾਵੇ ਤੇ ਬਾਕੀ ਕਲਬੂਤ ਜਿਹਾ ਹੀ ਰਹਿ ਜਾਵੇ। ਕਥਾ-ਰਸ ਮਿੰਨੀ ਕਹਾਣੀ ਦੀ ਜਿੰਦ-ਜਾਨ ਹੋਇਆ ਕਰਦੀ ਹੈ। ਵਿਸ਼ਾ ਪੱਖ ਦੀ ਆਪਣੀ ਅਹਿਮੀਅਤ ਹੈ ਅਤੇ ਰੂਪਕ ਪੱਖ ਦੀ ਆਪਣੀ। ਜੇਕਰ ਗ਼ਜ਼ਲ ਵਿਚ ਵਿਸ਼ਾ ਹੀ ਵਿਸ਼ਾ ਹੋਵੇ, ਕਲਾ ਪੱਖ ਬਿਲਕੁਲ ਕਮਜ਼ੋਰ ਹੋਵੇ ਤਾਂ ਉਹ ਕਿਹੜੇ ਸਰੋਤਿਆਂ ਜਾਂ ਪਾਠਕਾਂ ਨੂੰ ਅਕਰਸ਼ਿਤ ਕਰ ਸਕੇਗੀ। ਅਜ ਦੇ ਸਮਿਆਂ ਵਿਚ ਬਾਹਰੀ ਲਿਬਾਸ ਵਧੇਰੇ ਮਹੱਤਤਾ ਰੱਖਦਾ ਹੈ। ਭਾਵੇਂ ਆਤਮਾ ਤੋਂ ਬਿਨਾ ਗੁਜ਼ਾਰਾ ਨਹੀ ਪਰ ਇਹ ਨਵਾਂ ਰਿਵਾਜ ਜਾਂ ਪਰੰਪਰਾ ਚਲ ਪਈ ਹੈ। ਮਿੰਨੀ ਕਹਾਣੀ ਇਹਨੀ ਵੀ ਲੰਮੀ ਨਾ ਹੋਵੇ ਕਿ ਉਹ ਮਿੰਨੀ ਕਹਾਣੀ ਨਾ ਹੋ ਕੇ ਨਿੱਕੀ ਕਹਾਣੀ ਜਾਂ ਲੰਮੀ ਕਹਾਣੀ ਦਾ ਭੁਲੇਖਾ ਪਾਉਣ ਲੱਗ ਪਵੇ। ਉਸਦਾ ਆਕਾਰ ਇਕ ਨਿਸ਼ਚਿਤ ਸੀਮਾ ਅੰਦਰ ਹੀ ਰਹਿਣ ਨੂੰ ਚਾਹੀਦਾ ਹੈ। ਕੁਝ ਆਲੋਚਕਾਂ ਦਾ ਕਹਿਣਾ ਹੈ ਕਿ ਮਿੰਨੀ ਕਹਾਣੀ ਅੱਧੇ ਪੰਨੇ ਤੋਂ ਲੈ ਕੇ ਇਕ ਪੰਨੇ ਤੱਕ ਸੀਮਿਤ ਹੋਣੀ ਚਾਹੀਦੀ ਹੈ, ਇਸ ਤੋਂ ਵੱਧ ਨਹੀਂ। ਸ਼ਬਦਾਂ ਦੀ ਸੀਮ ਸ਼ਬਦਾਂ ਤੋਂ ਲੈ ਕੇ 300 ਸ਼ਬਦਾਂ ਤੱਕ ਹੀ ਹੋਣੀ ਚਾਹੀਦੀ ਹੈ।

ਸਾਹਿਤ ਵਿਚ ਰੂਪਕ ਏਕਤਾ ਦਾ ਮਤਲਬ ਹੁੰਦਾ ਹੈ ਭਾਸ਼ਾ ਦੀ ਕਲਾਤਮਕ ਅਭਿਵਿਅੱਕਤੀ। ਆਪਣੀ ਗੱਲ ਨੂੰ ਚੰਗੀ ਵਾਰਤਾਲਾਪੀ ਅਰਥਾਤ ਨਾਟਕੀ ਤੱਤਾਂ, ਪ੍ਰਤੀਕਾਂ, ਗਲਪੀ ਬਿੰਬਾਂ ਜਾਂ ਹੋਰ ਸੰਚਾਰ ਦੇ ਪ੍ਰਬੰਧਾਂ ਰਾਹੀਂ ਪੇਸ਼ ਕਰਨਾ ਹੀ ਰੂਪਕ ਜਾਂ ਕਲਾ ਪੱਖ ਕਹਾਉਂਦਾ ਹੈ। ਜਦੋਂ ਅਸੀ ਮਿੰਨੀ ਕਹਾਣੀ ਦੇ ਸੰਕਲਪ ਬਾਰੇ ਗੱਲ ਕਰਦੇ ਹਾਂ ਤਾਂ ਇਸਦਾ ਭਾਵ ਹੁੰਦਾ ਹੈ ਕਿ ਉਹ ਕਥਾ ਜਾਂ ਕਹਾਣੀ ਜਿਸਦਾ ਕਥਾ-ਸਾਰ, ਕਥਾਨਕ, ਪਾਤਰ, ਵਿਸ਼ਾ-ਵਸਤੂ, ਪੇਸ਼ਕਾਰੀ ਦਾ ਰੂਪ ਜਾਂ ਗੱਲ ਕਹਿਣ ਦਾ ਢੰਗ ਮਿੰਨੀ ਜਾਂ ਲਘੂ ਹੋਵੇ। ਰੂਪ ਤਾਂ ਇਕ ਢੰਗ ਜਾਂ ਵਿਧੀ ਹੁੰਦੀ ਹੈ, ਜਿਸ ਦੁਆਰਾ ਲੇਖਕ ਆਪਣੇ ਤਜਰਬਿਆਂ, ਅਨੁਭਵਾਂ ਨੂੰ ਕਲਾਮਈ ਢੰਗ ਨਾਲ ਰੂਪਾਂਤਰਿਤ ਕਰਦਾ ਹੈ। ਕਲਾਤਮਕ ਅਭਿਵਿਅੱਕਤੀ ਹੀ ਰੂਪ ਹੁੰਦਾ ਹੈ, ਜਿਸ ਵਿਚ ਸ਼ੈਲੀ (style) ਨੂੰ ਪ੍ਰਥਮ ਸਥਾਨ ਹਾਸਿਲ ਹੈ। ਮਿੰਨੀ ਕਹਾਣੀ ਵਿਚ ਚੇਤਨਤਾ ਪ੍ਰਵਾਹ (stream of consciousness) ਦਾ ਪ੍ਰਯੋਗ ਵੀ ਆਸਾਨੀ ਨਾਲ ਕੀਤਾ ਜਾ ਸਕਦਾ

ਹੈ। ਲੇਖਕ ਨੂੰ ਮਾਨਵੀ ਪਰਤਾਂ ਜਾਂ ਗੁਣਾਂ ਦੀ ਚੰਗੀ ਸਮਝ ਤੇ ਪਕੜ ਹੋਵੇ, ਤਦ ਹੀ ਉਹ ਖ਼ੂਬਸੂਰਤੀ ਸਹਿਤ ਕਿਸੇ ਪਾਤਰ ਦਾ ਮਨੋਵਿਸ਼ਲੇਸ਼ਣ ਕਰ ਸਕਦਾ ਹੈ, ਮਨੁੱਖੀ-ਹਿਰਦੇ ਦੇ ਵੱਖ ਵੱਖ ਪਹਿਲੂਆਂ ਤੱਕ ਅੱਪੜ ਸਕਦਾ ਹੈ, ਜੇ ਅਜਿਹਾ ਨਹੀਂ ਹੁੰਦਾ ਤਾਂ ਉਹ ਸਤਹੀ ਪੱਧਰ ਦਾ ਬਿਆਨ ਹੀ ਰਹਿ ਜਾਵੇਗਾ। ਇਸ ਲਈ ਪਾਤਰ ਨਾਲ਼ ਇਕਮਿਕ ਹੋਣ ਦੀ ਬੜੀ ਲੋੜ ਹੁੰਦੀ ਹੈ। ਰੂਪਕ ਪੱਖ ਵਿਚ ਪ੍ਰਤੀਕਾਂ ਦਾ ਇਸਤੇਮਾਲ ਹੋਣ ਨਾਲ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਪ੍ਰਤੀਕ ਇਕ ਅਜਿਹੀ ਦ੍ਰਿਸ਼ਟਮਾਨ ਵਸਤੂ ਹੈ ਜਿਸਨੂੰ ਅਸੀਂ ਆਪਣੇ ਦਿਮਾਗ ਦੇ ਸਾਹਮਣੇ ਆਈ ਕਿਸੇ ਹੋਰ ਅਦ੍ਰਿਸ਼ਟਮਾਨ ਵਸਤੂ ਨਾਲ ਸਮਾਨ ਅਤੇ ਬਰਾਬਰ ਰੱਖ ਕੇ ਵਿਅੱਕਤ ਕਰਦੇ ਹਾਂ। ਜਿਵੇਂ ਬਾਂਦਰ-ਚਾਲਾਕ ਲਈ, ਗਊ-ਸਿੱਧੇ ਪੁਰਸ਼ ਲਈ, ਪਰੀ- ਸੁਹਣੀ ਇਸਤਰੀ ਲਈ, ਕੰਸ-ਭੈੜੇ ਵਿਅਕਤੀ ਲਈ, ਸ਼ੇਰ-ਬਹਾਦਰ ਲਈ ਆਦਿ। ਸੋ ਪ੍ਰਤੀਕ, ਭਾਸ਼ਕ ਜੁਗਤਾਂ ਦਾ ਹੀ ਇਕ ਰੂਪ ਹਨ। ਇਸੇ ਕਰਕੇ ਚਿੰਨ, ਪ੍ਰਤੀਕ ਅਤੇ ਬਿੰਬ ਆਦਿ ਮਿੰਨੀ ਕਹਾਣੀ ਦਾ ਮੀਰੀ ਗੁਣ ਮੰਨੇ ਜਾਂਦੇ ਹਨ। ਇਨ੍ਹਾਂ ਦਾ ਸਹੀ ਅਤੇ ਉਚਿੱਤ ਪ੍ਰਯੋਗ ਕਰਨ ਨਾਲ ਮਿੰਨੀ ਕਹਾਣੀ ਥੋੜੇ ਸ਼ਬਦਾਂ 'ਚ ਬੜੀ ਵੱਜ਼ਨਦਾਰ ਗੱਲ ਕਹਿ ਜਾਂਦੀ ਹੈ। ਇਸਨੂੰ ਵਰਤਣ ਲਗਿਆਂ ਸਪੱਸ਼ਟਤਾ ਦਾ ਖ਼ਾਸ ਖਿਆਲ ਰੱਖਣਾ ਪੈਂਦਾ ਹੈ, ਤਾਕਿ ਧੁੰਦਲਾਪਣ ਜਾ ਅਸਪਸ਼ਟਤਾ ਨਾ ਆਵੇ ਅਤੇ ਸੰਚਾਰ ਵਿਚ ਰੁਕਾਵਟ ਪੇਸ਼ ਨਾ ਆਵੇ। ਪੜ੍ਹਨ ਵਾਲਾ ਲੇਖਕ ਨੂੰ ਝੱਟਪੱਟ ਸਮਝ ਜਾਵੇ ਅਤੇ ਉਸਦੇ ਨਾਲ ਨਾਲ ਤੁਰ ਪਵੇ। ਇਸੇ ਕਰਕੇ ਆਲੋਚਕਾਂ ਦੁਆਰਾ ਅਕਸਰ ਇਸ ਗੱਲ ਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਮਿੰਨੀ ਕਥਾਕਾਰ ਵਲੋਂ ਸਰਲਤਾ, ਸੰਖੇਪਤਾ, ਸਪੱਸ਼ਟਤਾ, ਸ਼ੁੱਧਤਾ, ਸੁਹਜਾਤਮਕਤਾ ਅਤੇ ਭਾਸ਼ਾ ਦੀ ਸਾਰਥਕਤਾ ਵੱਲ ਵਿਸ਼ੇਸ਼ ਧਿਆਨ ਦਿਤਾ ਜਾਣਾ ਚਾਹੀਦਾ ਹੈ। ਪ੍ਰਭਾਵ ਦੀ ਤੀਖਣਤਾ ਬਣਾਈ ਰੱਖਣ ਲਈ ਰਚਨਾ ਦਾ ਛੋਟਾ ਜਾਂ ਲਘੂ ਹੋਣਾ ਅਵੱਸ਼ਕ ਹੈ। ਇਸ ਨਾਲ (compactness) ਬਣੀ ਰਹਿੰਦੀ ਹੈ। ਡਾ. ਅਮਰ ਕੋਮਲ ਅਨੁਸਾਰ “ਸਾਹਿਤ ਕਲਾ ਨੂੰ ਜੇਕਰ ਇਕ ਭਾਂਡਾ ਮੰਨ ਲਿਆ ਜਾਵੇ ਤਾਂ ਇਸ ਭਾਂਡੇ ਵਿਚਲਾ ਪਦਾਰਥ ਵਿਸ਼ਾ-ਵਸਤੂ ਅਤੇ ਭਾਂਡੇ ਦੀ ਬਾਹਰਲੀ ਸ਼ਕਲ ਰੂਪ ਹੈ।” ਅਰਥਾਤ ਦੋਹਾਂ ਦੀ ਆਪੋ ਆਪਣੀ ਜਗ੍ਹਾ ਤੇ ਇਕੋ ਜਿੰਨੀ ਹੀ ਮਹੱਤਤਾ ਹੈ। ਜੇਕਰ ਵਿਸ਼ਾ ਪੱਖ ਤੱਕੜਾ ਹੈ ਅਤੇ ਰੂਪ ਜਾਂ ਕਲਾ ਪੱਖ ਕਮਜ਼ੋਰ ਹੈ ਤਾਂ ਵੀ ਰਚਨਾ ਦੰਮਦਾਰ ਨਹੀ ਕਹਿਲਾ ਸਕੇਗੀ। ਇਹ ਦੋਨੋਂ ਹੀ ਇਕ ਦੂਜੇ ਦੇ ਪੂਰਕ ਹਨ। ਗੱਡੀ ਦੇ ਪਹੀਆਂ ਸਮਾਨ, ਇਕ ਬਿਨਾਂ ਦੂਜੇ ਦੀ ਕੋਈ ਅਹਿਮੀਅਤ ਨਹੀਂ, ਕੋਈ ਗਤੀ ਨਹੀਂ।

ਮਿੰਨੀ ਕਹਾਣੀ ਦੀ ਖੂਬਸੂਰਤੀ ਇਸੇ ਵਿਚ ਹੈ ਕਿ ਇਹ ਜ਼ਿੰਦਗੀ ਲਈ ਅਤੇ ਜ਼ਿੰਦਗੀ ਦੀ ਹੀ ਜਾਪੇ। ਇਹ ਨਾ ਹੋਵੇ ਕਿ ਉਹ ਕੋਈ ਅਲੋਕਾਰ, ਅਲੌਕਿਕ ਜਾਂ ਪਰਾਲੌਕਿਕ ਗੱਲਾਂ ਕਰਦੀ ਹੋਵੇ, ਜੋ ਆਮ ਤੇ ਸਾਧਾਰਣ ਜੀਵਨ ਤੋਂ ਦੂਰ ਹੋਵੇ ਅਤੇ ਆਮ ਆਦਮੀ ਦੀ ਸਮਝ ਜਾਂ ਅਕਲ ਤੋਂ ਪਰੇ ਦੀਆਂ ਗੱਲਾਂ ਕਰਦੀ ਹੋਵੇ। ਮਿੰਨੀ ਕਹਾਣੀ ਵਿਚ ਵਿਅੰਗ ਖ਼ਾਸ ਤੌਰ ਤੇ ਪੇਸ਼ ਕੀਤਾ ਗਿਆ ਹੋਣਾ ਚਾਹੀਦਾ ਹੈ। ਵਿਅੰਗ ਜਾਂ ਤਨਜ਼ ਇਸਦੀ ਰੀੜ ਦੀ ਹੱਡੀ ਜਾਂ ਚੂਲ ਹੈ। ਜਿਸ ਮਿੰਨੀ ਕਹਾਣੀ ਵਿਚ ਵਿਅੰਗ ਜਾਂ ਕਟਾਕਸ਼ ਨਹੀਂ, ਸਮਝੋ ਉਹ ਮਿੰਨੀ ਹੀ ਨਹੀਂ। ਉਸਨੂੰ ਕੋਈ ਹੱਕ ਨਹੀਂ ਮਿੰਨੀ ਕਹਾਣੀ ਕਹਿਲਾਉਣ ਦਾ, ਮਿੰਨੀ ਕਹਾਣੀ ਦੀ ਗੌਂਦ ਦੇ ਬੋਝ ਨੂੰ ਸਾਹਿਤ ਦਾ ਇਹ ਨਵਾਂ ਰੂਪਾਕਾਰ, ਕਦਾਚਿਤ ਬਰਦਾਸ਼ਤ ਨਹੀਂ ਕਰ ਸਕਦਾ।

ਮਿੰਨੀ ਕਹਾਣੀ ਇਕ ਗਲਪੀ ਰੂਪ ਹੈ ਲੇਕਿਨ ਇਸਦਾ ਨਾਵਲ, ਨਾਵਲੈੱਟ, ਨਿੱਕੀ ਕਹਾਣੀ ਜਾਂ ਕਹਾਣੀ ਨਾਲ ਕੋਈ ਸਬੰਧ ਨਹੀਂ। ਇਹ ਕਹਿਣਾ ਦਰੁੱਸਤ ਨਹੀਂ ਹੋਵੇਗਾ ਕਿ ਇਹ ਉਕਤ ਵਿਧਾਵਾਂ ਵਿਚੋਂ ਨਿਕਲੀ ਹੈ ਜਾਂ ਇਕ ਉਪ-ਵਿਧਾ ਹੈ। ਇਹ ਆਪਣੇ ਆਪ ਵਿਚ ਇਕ ਸੁਤੰਤਰ ਅਤੇ ਵੱਖਰੀ ਸਾਹਿਤਕ ਵੰਨਗੀ, ਸਿਨਫ਼ ਜਾਂ ਫਾਰਮ (form) ਹੈ। ਲੇਖਕ ਦੀ ਕਾਮਯਾਬੀ ਇਸੇ ਗੱਲ ਵਿਚ ਹੁੰਦੀ ਹੈ ਕਿ ਉਹ ਕਿੰਨੀ ਸ਼ਿੱਦਤ (Intensity) ਨਾਲ ਆਪਣੀ ਗੱਲ ਵਿਅੱਕਤ ਕਰਦਾ ਹੈ। ਉਸ ਵਿਚ ਸਵੈ ਜੀਵਨਕ ਅੰਸ਼ (Autobiographical tinge) ਕਿੰਨੀ ਕੁ ਕਲਾਤਮਕਤਾ ਨਾਲ ਉਹ ਭਰਦਾ ਹੈ। ਕਹਾਣੀ ਦੀ ਚਾਲ (tempo) ਤੇਜ਼ ਅਤੇ ਫੁਰਤੀਲੀ, ਗੋਲੀ ਦੀ ਗਤੀ ਵਾਂਗ ਹੋਣੀ ਚਾਹੀਦੀ ਹੈ। ਮਿੰਨੀ ਕਹਾਣੀ ਇੰਜ ਨਾ ਜਾਪੇ ਕਿ ਉਹ ਨਿੱਕੀ ਕਹਾਣੀ ਅਤੇ ਨਾਵਲ ਨਾਲੋਂ ਬਿਲਕੁਲ ਅਲੱਗ ਹੈ। ਸ਼ਬਦਾਂ ਦੀ ਹੱਦ ਕਰਕੇ, ਇਸ ਵਿਚ ਪਾਤਰ ਦਾ ਮਨੋ- ਵਿਸ਼ਲੇਸ਼ਣ, ਉਸਦੀ ਮਨੋਦਸ਼ਾ ਜਾਂ ਉਸਦਾ ਬਾਹਰੀ ਚਿਤਰਣ ਮੁਮਕਿਨ ਨਹੀਂ ਹੁੰਦਾ। ਗੱਲ ਸਿੱਧੀ-ਸਪਾਟ ਆਪਣੇ ਨਿਸ਼ਾਨੇ, ਮੰਤਵ ਜਾਂ ਮਨੋਰਥ ਵੱਲ ਜਾਣੀ ਹੁੰਦੀ ਹੈ, ਇਸੇ ਕਰਕੇ ਇਸ ਵਿਚ ਬਹੁਤੇ ਵਲ ਵਲੇਂਵੇਂ, ਮੋੜ ਜਾਂ ਘੁੰਡੀਆਂ (Twist) ਨਹੀਂ ਪਾਏ ਜਾ ਸਕਦੇ। ਪਾਠਕ ਨੂੰ ਬਹੁਤ ਦ੍ਰਿਸ਼ ਜਾਂ ਨਜ਼ਾਰੇ ਦਿਖਾਏ ਬਿਨਾ ਜਲਦੀ ਨਾਲ ਹੀ ਆਪਣੀ ਮੰਜ਼ਿਲ ਤੇ ਪੁਹੰਚਾ ਦਿਤਾ ਜਾਂਦਾ ਹੈ। ਪੜ੍ਹਨ ਵਾਲਾ ਮੰਜ਼ਿਲ ਜਾਂ ਟੀਚੇ ਤੇ ਪਹੁੰਚਣ ਲਈ ਉਤਸੁਕ ਜਾਂ ਬੇਸਬਰ ਹੁੰਦਾ ਹੈ। ਜ਼ਮਾਨਾ ਵੀ ਸ਼ਾਟਕੱਟ ਦਾ ਹੈ। ਬਹੁਤੀਆਂ ਭਾਰੀ ਅਤੇ ਬੋਝਲ ਟੂਕਾਂ ਦਾ ਵਜ਼ਨ ਇਸਦਾ ਵਜੂਦ ਨਹੀਂ ਸਹਾਰ ਸਕਦਾ। ਬੌਧਿਕ ਅਤੇ ਦਾਰਸ਼ਨਿਕ ਟੂਕਾਂ ਜਾ ਕਥਨ ਭਾਵੇਂ ਛੋਟੇ ਤੇ ਸੰਖੇਪ ਹੁੰਦੇ ਹਨ ਪਰੰਤੂ ਉਹ ਮਿੰਨੀ ਕਹਾਣੀ ਨਹੀਂ

ਕਹਾ ਸਕਦੇ। ਕਿਸੇ ਚੀਜ਼ ਦਾ ਆਕਾਰ ਜਾਂ ਵਜੂਦ ਦੇਖਕੇ ਹੀ ਉਸ ਉੱਤੇ ਭਾਰ ਪਾਉਣਾ ਠੀਕ ਹੁੰਦਾ ਹੈ, ਨਹੀਂ ਤੇ ਅਸਲ ਚੀਜ਼ ਬੋਝ ਥੱਲੇ ਦੱਬ ਕੇ ਰਹਿ ਜਾਂਦੀ ਹੈ।

ਮਿੰਨੀ ਕਹਾਣੀਕਾਰ ਭਾਸ਼ਾ ਦੇ ਵਾਹਨ ਦੁਆਰਾ ਆਪਣੇ ਪਾਠਕਾਂ ਤੱਕ ਕਥਾ-ਵਸਤੂ, ਵਿਚਾਰ ਅਤੇ ਇਸ ਪ੍ਰਕਾਰ ਸੰਚਾਰੇ ਕਿ ਉਸਦਾ ਪ੍ਰਭਾਵ ਡੂੰਘਾ ਤੇ ਚਿਰਸਥਾਈ ਪਵੇ। ਉਸ ਕੋਲ ਇਹਨੀ ਕਲਾਤਮਕ ਸੂਝ ਅਤੇ ਜਾਚ ਹੋਣੀ ਚਾਹੀਦੀ ਹੈ ਕਿ ਉਹ ਢੁੱਕਵੇਂ ਅਰਥ-ਭਰਪੂਰ, ਸਾਰਥਕ ਅਤੇ ਟੁੰਬਣ ਵਾਲੇ ਸ਼ਬਦਾਂ ਦਾ ਪ੍ਰਯੋਗ ਕਰ ਸਕੇ। ਜੋ ਵੀ ਉਹ ਕਹਿਣਾ ਲੋਚਦਾ ਹੈ, ਉਹ ਪਾਠਕ ਤੱਕ ਇਕਦਮ ਪਹੁੰਚੇ, ਜੋ ਵੀ ਉਹ ਸੁਨੇਹਾ ਜਾਂ ਸੰਦੇਸ਼ ਦੇਣਾ ਚਾਹੁੰਦਾ ਹੈ, ਉਹ ਪਾਠਕ ਦੇ ਤੁਰੰਤ ਪੱਲੇ ਪੈ ਜਾਵੇ ਕਿਉਂਕਿ ਇਸ ਵਿਧਾ ਵਿਚ ਖੋਲ ਕੇ ਸਮਝਾਉਣ ਦੀ ਗੁੰਜਾਇਸ਼ ਨਹੀ ਹੁੰਦੀ ਸ਼ਬਦਾਂ ਦੀ ਸੀਮਾ ਹੁੰਦੀ ਹੈ- ਬੈਰੀਅਰ ਹੁੰਦਾ ਹੈ। ਜੋ ਵੀ ਪਾਠਕ ਵੱਲ ਸੁੱਟਿਆ ਜਾਵੇ, ਉਹ ਤੁਰੰਤ ਉਸਨੂੰ 'ਕੈਚ' ਕਰ ਸਕੇ, ਇਸ ਤੋਂ ਵੱਡੀ ਖੁਸ਼ਨਸੀਬੀ, ਲੇਖਕ ਵਾਸਤੇ ਹੋਰ ਕੋਈ ਨਹੀਂ। ਕੈਚ ਕਰਵਾਉਣ ਦੇ ਯਤਨ ਵਿਚ ਉਹ ਇਹਨੀ ਹਲਕੀ ਤੇ ਇਹਨੀ ਮਾੜੀ ਬੌਲ ਹੀ ਨਾ ਸੁੱਟੇ ਕਿ ਪਾਠਕ ਉਸ ਨੂੰ ਜਾਂ ਤਾਂ ਬੁਰੀ ਤਰ੍ਹਾਂ ਪਿਟ ਦੇਵੇ ਤੇ ਜਾਂ ਫੇਰ ਹੱਥ ਹੀ ਨਾ ਲਾਵੇ ਅਰਥਾਤ ਖੇਡੇ ਹੀ ਨਾ, ਦੂਰੋਂ ਹੀ ਸਲਾਮ ਕਰ ਦੇਵੇ।

ਮਿੰਨੀ ਕਹਾਣੀ ਦੇ ਕਲਾ ਪੱਖ ਨੂੰ ਅਖਾਣ, ਮੁਹਾਵਰੇ, ਅਖਾਉਤਾਂ ਆਦਿ ਚਾਰ ਚੰਨ ਲਾ ਦਿੰਦੇ ਹਨ, ਜੇ ਕਰ ਇਨ੍ਹਾਂ ਦਾ ਸਹੀ ਅਤੇ ਉਚਿੱਤ ਇਸਤੇਮਾਲ ਕੀਤਾ ਹੋਵੇ। ਕਈ ਵਾਰ ਇਨ੍ਹਾਂ ਦਾ ਠੀਕ ਪ੍ਰਯੋਗ ਨਾ ਹੋਣ ਕਾਰਣ ਗੁੜ-ਗੋਭਰ ਵੀ ਹੋ ਜਾਂਦਾ ਹੈ। ਮਿੰਨੀ ਕਥਾਕਾਰ ਕੋਲ ਲੋਕਯਾਨਿਕ ਸ਼ਕਤੀ ਦਾ ਗਿਆਨ ਹੋਵੇ ਤਾਂ ਇਹ ਹੋਰ ਵੀ ਵਧੀਆ ਗੱਲ ਹੋ ਨਿਬੜਦੀ ਹੈ। ਕਿਉਂਕਿ ਮਿੰਨੀ ਕਹਾਣੀ ਬਹੁਤੇ ਬਿਰਤਾਂਤ ਦੀ ਗੱਲ ਨਹੀਂ ਕਰਦੀ, ਇਸ ਲਈ ਚੰਗਾ ਇਹੀ ਰਹਿੰਦਾ ਹੈ ਕਿ ਉਸਨੂੰ ਭਾਸ਼ਾਈ ਮੋਟਿਫਾਂ ਰਾਹੀਂ ਪੇਸ਼ ਕੀਤਾ ਜਾਵੇ, ਮਨ ਅੰਦਰਲੀ ਹਲਚਲ ਲਈ ਬਾਹਰਲੇ ਤੂਫਾਨ ਜਾਂ ਪਾਣੀ ਵਿਚਲੀ ਹਲਚਲ ਨਾਲ ਮਨੁੱਖੀ ਪ੍ਰਵਿਰਤੀਆਂ, ਜਾਨਵਰਾਂ ਦੀਆਂ ਹਰਕਤਾਂ ਆਦਿ ਨਾਲ ਤੁਲਨਾਇਆ ਜਾ ਸਕਦਾ ਹੈ। ਇਸ ਖੂਬੀ ਲਈ ਰਚਨਾਕਾਰ ਦੀ ਯੋਗਤਾ ਜਾਂ ਕਲਾ ਟੀਸੀ ਤੇ ਹੁੰਦੀ ਹੈ ਅਤੇ ਪਤਾ ਚਲ ਜਾਂਦਾ ਹੈ ਕਿ ਉਸ ਵਿਚ ਕਿੰਨੀ ਬਾਰੀਕ -ਬੀਨੀ (minuteness) ਹੈ। ਇਹ ਉਸਦਾ ਕਮਾਲ ਜਾਂ ਹਾਸਿਲ ਹੁੰਦਾ ਹੈ ਕਿ ਉਹ ਮੋਟਿਫ ਢੁੱਕਵਾਂ ਵਰਤਦਾ ਹੈ ਜਾਂ ਅਢੁੱਕਵਾਂ। ਇਸ ਸਭ ਕਾਸੇ ਲਈ ਉਸਦਾ ਵਿਸ਼ਾਲ ਅਧਿਐਨ ਅਤੇ ਅਨੁਭਵ ਕੰਮ ਕਰ ਰਿਹਾ ਹੁੰਦਾ ਹੈ। ਉਹ ਅਨੁਭਵ ਜੋ ਉਸਨੇ ਇਕ ਦੂਜੇ ਕੋਲੋਂ

ਸੁਣ ਸੁਣਾ ਕੇ, ਆਪਣੇ ਤੇ ਹੰਢਾ ਕੇ, ਪੜ੍ਹ ਕੇ ਜਾਂ ਵੱਖ ਵੱਖ ਸਥਾਨਾਂ ਤੇ ਜਾ ਕੇ, ਫਸਟ-ਹੈਂਡ ਦੇ ਰੂਪ ਵਿਚ ਪ੍ਰਾਪਤ ਕੀਤਾ ਹੁੰਦਾ ਹੈ।

ਇਸੇ ਪ੍ਰਕਾਰ ਹਰੇਕ ਦੇਸ਼ ਜਾ ਸਮਾਜ ਵਿਚ ਉਸਦੇ ਇਤਹਾਸ, ਮਿਥਿਹਾਸ ਅਤੇ ਸਭਿਆਚਾਰ ਦੇ ਅਜਿਹੇ ਸ਼ਬਦ ਹੁੰਦੇ ਹਨ, ਜਿਨ੍ਹਾਂ ਦੇ ਕੁਝ ਵਿਸ਼ੇਸ਼ ਅਰਥ ਬਣ ਚੁੱਕੇ ਹੁੰਦੇ ਹਨ, ਜਿਵੇਂ ਰਾਂਝਾ, ਭਾਈ ਘਨੱਈਆ, ਨਾਰਦਮੁਨੀ, ਰਾਵਣ, ਕੰਸ, ਸੀਤਾ ਰਾਧਾ, ਜੱਗਾ ਡਾਕੂ, ਔਰੰਗਜ਼ੇਬ, ਹਿਟਲਰ, ਸਰਵਣ ਪੁੱਤਰ ਆਦਿ। ਇਸ ਪ੍ਰਕਾਰ ਦੇ ਪ੍ਰਚਲਿਤ ਸ਼ਬਦਾਂ ਦੇ ਅਰਥ ਉਸ ਸਮਾਜ ਦਾ ਸਾਧਾਰਣ ਤੋਂ ਸਾਧਾਰਣ ਪਾਠਕ ਵੀ ਆਸਾਨੀ ਨਾਲ ਸਮਝ ਸਕਦਾ ਹੈ। ਇਹ ਇਸ ਕਰਕੇ ਹੁੰਦਾ ਹੈ ਕਿ ਉਹ ਸ਼ਬਦ ਉਥੋਂ ਦੇ ਇਤਿਹਾਸ ਮਿਥਿਹਾਸ ਅਤੇ ਸਭਿਆਚਾਰ ਨਾਲ ਜੁੜਿਆ ਹੁੰਦਾ ਹੈ ਅਤੇ ਪੂਰੀ ਤਰ੍ਹਾਂ ਵਾਬਸਤਾ ਹੁੰਦਾ ਹੈ। ਇਨ੍ਹਾਂ ਸ਼ਬਦਾਂ ਨੂੰ ਵਰਤ ਕੇ ਲੇਖਕ ਆਪਣੀ ਗੱਲ ਸੀਮਿਤ ਸ਼ਬਦਾਂ ਵਿਚ ਅਤੇ ਖੂਬਸੂਰਤੀ ਨਾਲ ਕਹਿ ਸਕਦਾ ਹੈ। ਇਸ ਨਾਲ ਪੜ੍ਹਨ ਵਾਲੇ ਤੇ ਡੂੰਘਾ ਅਤੇ ਚਿਰਸਥਾਈ ਪ੍ਰਭਾਵ ਪੈਂਦਾ ਹੈ।

ਪਰਕਥਨ ਵਿਧੀ ਅਪਨਾਉਣ ਸਮੇਂ ਇਹ ਖ਼ਾਸ ਧਿਆਨ ਰੱਖਣਾ ਪੈਂਦਾ ਹੈ ਕਿ ਕਹਾਣੀ ਆਪ ਕਥਨ ਕਰਦੀ ਜਾਪੇ, ਨਾ ਕਿ ਰਚਨਾਕਾਰ ਆਪ ਹੀ ਬੋਲੀ ਜਾਵੇ, ਕਿਉਂਕਿ ਇਸ ਵਿਚ ਕਹਾਣੀਕਾਰ ਨੇ ਸੁਚੱਜੀ ਜੁਗਤ ਨਾਲ ਪਾਤਰਾਂ ਦੇ ਮਨ ਵਿਚਲੇ ਸੰਘਰਸ਼, ਦਵੰਦ ਅਤੇ ਹਲਚਲ ਆਦਿ ਦਾ ਧਿਆਨ ਕਰਨਾ ਹੁੰਦਾ ਹੈ। ਇਸ ਵਿਚ ਲੇਖਕ ਦੀ ਖ਼ਾਸੀਅਤ ਇਹੀ ਹੁੰਦੀ ਹੈ ਕਿ ਕਹਾਣੀ ਖ਼ੁਦ-ਬ-ਖ਼ੁਦ ਸਾਰੀ ਗੱਲ ਦਸ ਜਾਵੇ, ਉਸਨੂੰ ਸਪੱਸ਼ਟੀਕਰਣ ਨਾ ਦੇਣਾ ਪਵੇ, ਸਮਝਾਉਣ ਲਈ। ਵਾਰਤਾਲਾਪੀ ਵਿਧੀ ਵਿਚ ਵਾਰਤਾਲਾਪ ਸੰਖੇਪ, ਚੁਸਤ, ਫੁਰਤੀਲਾ, ਵਿਅੰਗਾਤਮਕ ਅਤੇ ਤਰਕਪੂਰਣ ਹੋਣਾ ਚਾਹੀਦਾ ਹੈ। ਬਹੁਤਾ ਲਮਕਾਅ ਜਾਂ ਢਿੱਲਾਪਣ ਇਸ ਵਿਧੀ ਲਈ ਹਾਨੀਕਾਰਕ ਸਾਬਿਤ ਹੁੰਦਾ ਹੈ।

*******

## ਮਿੰਨੀ ਕਹਾਣੀ ਦਾ ਆਲੋਚਨਾਤਮਕ ਵਿਸ਼ਲੇਸ਼ਣ

ਮਿੰਨੀ ਕਹਾਣੀ ਅੰਦਰ ਆਤਮ-ਕਥਨ ਸ਼ੈਲੀ ਦਾ ਵੀ ਬੜੀ ਖੂਬਸੂਰਤੀ ਨਾਲ ਪ੍ਰਯੋਗ ਕੀਤਾ ਜਾ ਸਕਦਾ ਹੈ। ਇਸ ਸੈਲੀ ਵਿਚ ਕਥਾਕਾਰ ਆਤਮ-ਕਥਨ 'ਮੈਂ' ਦੇ ਰੂਪ ਵਿਚ ਕਰਦਾ ਹੈ। ਇਸ ਵਿਚ 'ਮੈਂ' ਪਾਤਰ ਇਕ ਸਮੂਹ ਦੀਆਂ ਭਾਵਨਾਵਾਂ ਦੀ ਅਭਿਵਿਅੱਕਤੀ ਕਰਦਾ ਪ੍ਰਤੀਤ ਹੋਣਾ ਚਾਹੀਦਾ ਹੈ। ਇਹ ਕਤੱਈ ਨਹੀ ਜਾਪਣਾ ਚਾਹੀਦਾ ਕਿ ਉਹ ਨਿੱਜੀ (personal) ਗੱਲ ਕਰ ਰਿਹਾ ਹੈ। ਜਦੋਂ ਲੇਖਕ ਆਪਣੀ ਨਿੱਜੀ ਗੱਲ ਨੂੰ ਲੋਕਾਂ ਦੀ ਗੱਲ ਬਣਾ ਕੇ ਪੇਸ਼ ਕਰਦਾ ਹੈ, ਉਸੇ ਦਾ ਨਾਂ ਕਲਾ ਹੈ। ਸਵੈ-ਕਥਨ ਸ਼ੈਲੀ ਜਾਂ ਆਤਮ-ਕਥਨ ਸ਼ੈਲੀ ਵਿਚ ਰਚਨਾਕਾਰ ਨੂੰ ਬੜਾ ਸੁਚੇਤ ਅਤੇ ਪਾਠਕ ਨੂੰ ਸਾਹਵੇਂ ਰੱਖ 'ਕੇ ਰਚਨਾ ਕਰਨੀ ਪੈਂਦੀ ਹੈ, ਨਹੀਂ ਤਾਂ ਉਸ ਅੰਦਰ ਥਿੜਕਨ ਦੀਆਂ ਬਹੁਤ ਸੰਭਾਵਨਾਵਾਂ ਹੁੰਦੀਆਂ ਹਨ। ਉਸ ਵਿਚ ਇਕ ਹੰਢੇ ਹੋਏ ਲੇਖਕ ਜਿੰਨੀ ਪਰਪੱਕਤਾ ਅਤੇ ਪ੍ਰੌੜਤਾ ਹੋਣੀ ਇਕ ਜ਼ਰੂਰੀ ਤੇ ਮੀਰੀ ਗੁਣ ਮੰਨਿਆ ਜਾ ਸਕਦਾ ਹੈ।

ਪੁਰਾਣੀਆਂ ਮਿਥਕੀ ਕਥਾਵਾਂ ਨੂੰ ਨਵੀਂ ਕਹਾਣੀ ਦੇ ਚੌਖਟੇ ਜਾਂ ਕੈਨਵਸ ਵਿਚ ਰੱਖ ਕੇ, ਨਵੇਂ ਰੂਪ ਵਿਚ ਪੇਸ਼ ਕਰਨ ਦੀ ਵਿਧੀ ਨੂੰ ਮਿਥਕੀ ਸ਼ੈਲੀ ਆਖਿਆ ਜਾਂਦਾ ਹੈ। ਇਸ ਵਿਧੀ ਨੂੰ ਹਾਰੀ-ਸਾਰੀ ਲੇਖਕ ਸਫਲਤਾਪੂਰਬਕ ਨਹੀਂ ਅਪਨਾ ਸਕਦਾ, ਇਸ ਵਿਚ ਵੀ ਬੜੀ ਪਰਬੀਨਤਾ ਦੀ ਲੋੜ ਹੁੰਦੀ ਹੈ। ਮਿਥਕੀ ਬਿੰਬ ਜੋ ਅਜੋਕੇ ਸੰਦਰਭ ਵਿਚ ਵਰਤੇ ਗਏ ਹੋਣ, ਉਹ ਸਵੈ-ਸਪਸ਼ਟ ਹੋਣ ਅਤੇ ਉਨ੍ਹਾਂ ਦਾ ਸੰਚਾਰ ਵੀ ਸਹੀ ਹੋਵੇ। ਪਾਠਕ ਨੂੰ ਸਮਝਣ ਵਿਚ ਦਿੱਕਤ ਪੇਸ਼ ਨਾ ਆਵੇ, ਜੋ ਗੱਲ ਲੇਖਕ ਕਹਿਣਾ ਚਾਹੁੰਦਾ ਹੈ, ਉਹ ਸਿੱਧੀ ਉਸਦੇ ਜ਼ਿਹਨ ਵਿਚ ਚਲੀ ਜਾਵੇ।

ਫੈਟੈਂਸੀ ਸ਼ੈਲੀ ਵਿਚ ਇਕ ਆਮ ਸਾਧਾਰਣ ਗੱਲ ਨੂੰ ਅਸਾਧਾਰਣ ਬਨਾਉਣਾ, ਸਾਧਾਰਣ ਆਕਾਰ ਨੂੰ ਛੋਟਾ ਵੱਡਾ ਬਨਾਉਣਾ ਤੇ ਇਕ ਸਾਧਾਰਣ ਕਥਨ ਨੂੰ ਅਤਿਕਥਨੀ ਵਿਚ ਪਰਵਰਤਿਤ ਕੀਤਾ ਗਿਆ ਹੁੰਦਾ ਹੈ। ਕੁਝ ਵਿਦਵਾਨਾਂ ਅਤੇ ਆਲੋਚਕਾਂ ਦਾ ਮੱਤ ਹੈ ਕਿ ਇਸ ਪ੍ਰਕਾਰ ਕਰਕੇ ਅਰਥਾਂ ਦਾ ਅਨਰਥ ਕੀਤਾ ਜਾਂਦਾ ਹੈ। ਇਸ ਸ਼ੈਲੀ ਵਿਚ ਲਿਖੀ ਗਈ ਮਿੰਨੀ ਕਹਾਣੀ ਅੰਦਰ ਅਰਥ ਸੰਚਾਰ ਅਰਥਾਤ ਗੱਲ (Convey) ਕਰਨ ਦੀ ਸਮੱਸਿਆ ਬਣੀ ਰਹਿੰਦੀ ਹੈ। ਇਹ ਜਨ ਸਧਾਰਣ ਦੀ ਸਮਝ ਤੋਂ ਪਰੇ ਦੀ ਗੱਲ ਹੁੰਦੀ ਹੈ। ਕਥਾ ਰਸ ਲੁਕਿਆ

ਹੋਇਆ ਜਾਂ ਗਾਇਬ ਹੁੰਦਾ ਹੈ, ਕੇਵਲ ਬੌਧਿਕ ਜਾਂ ਸਿਆਣੇ ਪਾਠਕ ਨੂੰ ਹੀ ਇਹ ਪ੍ਰਭਾਵਿਤ ਕਰ ਪਾਂਦੀ ਹੈ, ਜੇਕਰ ਇਸਦਾ ਸੰਚਾਰ ਠੀਕ ਤਰ੍ਹਾਂ ਹੋਇਆ ਹੋਵੇ।

ਮਿੰਨੀ ਕਹਾਣੀ ਅਜੇ ਆਪਣੇ ਮੁੱਢਲੇ ਦੌਰ ਵਿਚ ਹੋਣ ਕਰਕੇ ਇਸ ਸਬੰਧੀ ਕਈ ਸਵਾਲ ਖੜ੍ਹੇ ਹੋ ਜਾਂਦੇ ਹਨ ਕਿ ਸ਼ਬਦਾਂ ਦੀ ਘੱਟ ਤੋਂ ਘੱਟ ਗਿਣਤੀ, ਮਿੰਨੀ ਕਹਾਣੀ ਲਈ ਨਿਸਚਿੱਤ ਕੀਤੀ ਜਾ ਸਕਦੀ ਹੈ ? ਕੀ ਇਸਦਾ ਆਕਾਰ ਹੀ ਇਕੋ-ਇਕ ਕਸੱਵਟੀ ਹੈ ਕਿ ਫਲਾਂ ਮਿੰਨੀ ਕਹਾਣੀ ਹੈ ਕਿ ਨਹੀਂ? ਮਿੰਨੀ ਕਹਾਣੀ ਦੇ ਜ਼ਰੂਰੀ ਅੰਗ ਜਾਂ ਤੱਤ ਕਿਹੜੇ ਕਿਹੜੇ ਹਨ? ਕੀ ਹਰ ਘਟਨਾ ਜਾਂ ਵਿਸ਼ਾ ਮਿੰਨੀ ਕਹਾਣੀ ਦਾ ਵਸਤੂ (Subject matter) ਬਣ ਸਕਦਾ ਹੈ? ਮਿੰਨੀ ਕਹਾਣੀ ਦਾ ਨਿਕਾਸ ਤੇ ਵਿਕਾਸ ਕਿਵੇਂ ਹੋਇਆ? ਮਿੰਨੀ ਕਹਾਣੀ ਦੀ ਪ੍ਰੀਭਾਸ਼ਾ ਕੀ ਹੈ ? ਕੀ ਇਹ ਇਕ ਸੁਤੰਤਰ ਵਿਧਾ ਹੈ ਜਾਂ ਬਣ ਸਕਦੀ ਹੈ? ਇਹ ਕੁਝ ਇਕ ਬੁਨਿਆਦੀ ਸੁਆਲ ਹਨ, ਜਿਹੜੇ ਮਿੰਨੀ ਕਹਾਣੀ ਦੇ ਆੜੇ ਆਣ ਖਲੋਤੇ ਹਨ। ਇਸਦੇ ਬਹੁਤੇ ਉੱਤਰ ਮਿੰਨੀ ਕਹਾਣੀ ਲੇਖਕ ਆਪਣੀਆਂ ਰਚਨਾਵਾਂ ਦੁਆਰਾ ਹੀ ਦੇ ਸਕਦੇ ਹਨ। ਜੋ ਕਿੰਤੂ-ਪ੍ਰੰਤੂ ਆਲੋਚਕਾਂ ਨੇ ਉਠਾਏ ਹਨ, ਉਹ ਮਿੰਨੀ ਕਹਾਣੀਆਂ ਖ਼ੁਦ ਹੀ ਦੇ ਸਕਦੀਆਂ ਹਨ-ਪ੍ਰਤੱਖ ਨੂੰ ਪ੍ਰਮਾਣ ਦੀ ਕੋਈ ਲੋੜ ਨਹੀਂ ਹੁੰਦੀ।

ਮਿੰਨੀ ਕਹਾਣੀ ਅਸਲ ਵਿਚ ਇਕ ਵਾਕ ਦੀ ਪੀੜਾ ਜਾਂ ਦਰਦ ਹੀ ਹੈ, ਬਾਕੀ ਦੀ ਤਾਂ ਸਾਰੀ ਬਣਤਰ ਜਾਂ ਫੈਲਾਉ ਹੀ ਹੁੰਦਾ ਹੈ। ਇਸ ਇਕੋ ਵਾਕ ਦੇ ਅੰਦਰ ਸਾਰਾ ਦਰਦ, ਸਾਰੀ ਪੀੜਾ ਜਾਂ ਸਾਰਾ ਸੁਨੇਹਾ ਛੁਪਿਆ ਹੁੰਦਾ ਹੈ। ਮਿੰਨੀ ਕਹਾਣੀ ਦੇ ਕੁਝ ਜ਼ਰੂਰੀ ਅਤੇ ਅਹਿਮ ਤੱਤਾਂ ਵਿਚ ਰਵਾਨੀ, ਗੋਂਦ, ਵਿਸ਼ੇਸ਼ ਮੋੜ (Twist) ਕਲਾਤਮਕ ਅੰਤ ਅਤੇ ਕਥਾ ਰਸ ਹੁੰਦੇ ਹਨ, ਇਸ ਅੰਦਰ ਗੰਭੀਰਤਾ, ਸ਼ਿੱਦਤ ਅਤੇ ਨਿਸ਼ਠਾ ਦਾ ਸ਼ਾਮਲ ਹੋਣਾ, ਸੋਨੇ ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। ਜੇਕਰ ਮਿੰਨੀ ਕਹਾਣੀ ਦਾ ਪਾਠ ਕਰਨ ਉਪਰੰਤ ਪਾਠਕ ਨੂੰ ਕੇਵਲ ਹਾਸਾ-ਠੱਠਾ ਹੀ ਪ੍ਰਾਪਤ ਹੁੰਦਾ ਹੈ ਤਾਂ ਉਹ ਮਿੰਨੀ ਕਹਾਣੀ ਕਹਿਲਾਉਣ ਦੀ ਬਿਲਕੁਲ ਹੱਕਦਾਰ ਨਹੀਂ, ਇਹ ਕੰਮ ਤੇ ਮਨੋਰਥ ਚੁਟਕਲੇ ਜਾਂ ਲਤੀਫੇ ਦਾ ਹੁੰਦਾ ਹੈ। ਇਹ ਗੱਲ ਖ਼ਾਸ ਧਿਆਨ ਦੀ ਮੰਗ ਕਰਦੀ ਹੈ ਕਿ ਮਿੰਨੀ ਕਹਾਣੀ ਜਾਂ ਲਘੂ ਕਥਾ ਦਾ ਮੰਤਵ ਕੇਵਲ ਮਨੋਰੰਜਨ, ਦਿਲ ਬਹਿਲਾਵਾ ਜਾਂ ਟਾਇਮ ਪਾਸ ਕਰਨਾ ਹੀ ਨਹੀਂ, ਸਗੋਂ ਪਾਠਕ ਨੂੰ ਝੰਜੋੜਨਾ ਅਤੇ ਹਲੂਣਾ ਦੇਣਾ ਵੀ ਹੈ, ਉਸਦੇ ਮੱਥੇ ਵਿਚ ਦੀਵਾ ਵੀ ਜਗਾਉਣਾ ਹੈ ਰੌਸ਼ਨੀ ਵੀ ਪੈਦਾ ਕਰਨਾ ਹੈ।

ਮਿੰਨੀ ਕਹਾਣੀ ਵਿਚ ਕਿਸੇ ਦਾ ਵਿਅਕਤਿੱਤਵ ਸਮੁੱਚੇ ਰੂਪ ਵਿਚ ਪੇਸ਼ ਕਰਨ ਸੰਭਵ ਨਹੀਂ ਹੋ ਸਕਦਾ, ਕਿਉਂਕਿ ਇਸ ਵਿਚ ਸ਼ਬਦਾਂ ਦੀ ਸੀਮਾ (Limit) ਹੁੰਦੀ ਹੈ। ਉਸਦੀ ਹਦੂਦ ਅੰਦਰ ਰਹਿਕੇ ਹੀ ਗੱਲ ਸਿਰੇ ਲਾਉਣੀ ਹੁੰਦੀ ਹੈ। ਚਿੰਨਾਤਮਕ ਢੰਗ ਨਾਲ ਕਿਸੇ ਦਾ ਪਾਤਰ ਚਿਤਰਣ ਛੁਹ-ਮਾਤਰ ਤਾਂ ਕੀਤਾ ਜਾ ਸਕਦਾ ਹੈ, ਪਰੰਤੂ ਮੁਕੰਮਲ ਨਹੀਂ ਹੋ ਸਕਦਾ ਹੈ, ਪਰੰਤੂ ਮੁਕੰਮਲ ਰੂਪ ਵਿਚ ਉਸਦੇ ਬਾਹਰੀ ਤੇ ਅੰਦਰੂਨੀ ਗੁਣਾਂ ਨੂੰ ਵਿਅੱਕਤ ਕਰਨਾ ਜਾਂ ਉਭਾਰਨਾ ਕਿਸੇ ਤਰ੍ਹਾਂ ਵੀ ਮੁਮਕਿਨ ਨਹੀ ਹੋ ਸਕਦਾ। ਇਹ ਉਕਤ ਗੱਲਾਂ ਨਿੱਕੀ ਕਹਾਣੀ ਵਿਚ ਕੁਝ ਹੱਦ ਤੱਕ ਤੇ ਨਾਵਲ ਵਿਚ ਖੁੱਲ ਕੇ ਬਿਆਨ ਕੀਤੀਆਂ ਜਾ ਸਕਦੀਆਂ ਹਨ, ਕਿਉਂਕਿ ਇਨ੍ਹਾਂ ਦਾ ਕੈਨਵਸ ਮਿੰਨੀ ਕਹਾਣੀ ਦੀ ਬਨਿਸਬਤ ਕਾਫੀ ਵਿਸ਼ਾਲ ਹੁੰਦਾ ਹੈ। ਮਿੰਨੀ ਕਹਾਣੀ ਇਹ ਸਭ ਭਾਰ ਬਰਦਾਸ਼ਤ ਨਹੀਂ ਕਰ ਪਾਂਦੀ। ਉਸਦਾ ਕੈਨਵਸ ਛੋਟਾ ਹੁੰਦਾ ਹੈ, ਇਸ ਲਈ ਚਿੱਤਰ ਦਾ ਆਕਾਰ ਵੀ ਛੋਟਾ ਹੀ ਹੁੰਦਾ ਹੈ।

ਮਿੰਨੀ ਕਹਾਣੀ ਦਾ ਅੰਤ ਝਟਕਾ ਦੇਣ ਵਾਲਾ ਅਤੇ ਹੈਰਾਨ ਕਰਨ ਵਾਲਾ ਹੋਣਾ ਚਾਹੀਦਾ ਹੈ। ਪੜ੍ਹਨ ਵਾਲਾ ਇਕ ਵਾਰੀ ਤਾਂ ਸੋਚਣ ਤੇ ਮਜਬੂਰ ਹੋ ਜਾਵੇ ਕਿ ਉਸਨੇ ਤਾਂ ਇੰਜ ਸੋਚਿਆ ਜਾਂ ਕਿਆਸਿਆ ਹੀ ਨਹੀਂ ਸੀ – ਇਹ ਕੀ ਹੋ ਗਿਆ, “ਵਾਹ ! ਕਿਆ ਬਾਤ ਹੈ।” ਜਾਂ “ਬਹੁਤ ਅੱਛੇ” ਉਸਦੇ ਮੂੰਹੋ ਆਪ-ਮੁਹਾਰੇ ਹੀ ਨਿਕਲ ਜਾਵੇ। ਤਕਨੀਕ, ਸ਼ੈਲੀ, ਸਮਝ-ਬੁਝ ਅਤੇ ਅਭਿਆਸ ਦਾ ਕਥਾ-ਰੂਪੀ ਮੁਹਾਵਰੇ ਨੂੰ ਅਪਨਾਉਣਾ ਲਾਜ਼ਮੀ ਹੈ। ਇਸ ਤੋਂ ਬਿਨਾਂ ਮਿੰਨੀ ਕਹਾਣੀ ਦੀ ਸਾਰਥਕਤਾ ਵਿਚ ਵਾਧਾ ਨਹੀਂ ਹੋ ਸਕਦਾ। ਮਿੰਨੀ ਕਥਾਕਾਰ ਦਾ ਗਿਆਨ, ਉਸਦੀ ਸੂਝ, ਉਸਦਾ ਆਪਣੇ ਆਲੇ-ਦੁਆਲੇ ਤੋਂ ਜਾਗ੍ਰਿਤ ਜਾਂ ਵਾਕਿਫ ਹੋਣਾ (Awareness) ਬਹੁਤ ਜ਼ਰੂਰੀ ਹੈ। ਨਹੀਂ ਤਾਂ ਉਹ ਖੂਹ ਦਾ ਡੱਡੂ ਬਣਕੇ ਰਹਿ ਜਾਵੇਗਾ। ਅੰਗ੍ਰਜ਼ੀ ਸਾਹਿਤ ਅਤੇ ਭਾਸ਼ਾ ਦਾ ਗਿਆਨ ਜ਼ਰੂਰੀ ਹੈ। ਜਿਥੇ ਲੋੜ ਪਵੇ ਇਸਦੇ ਪ੍ਰਚਲਿਤ ਸ਼ਬਦਾਂ ਦਾ ਪ੍ਰਯੋਗ ਵੀ ਕੀਤਾ ਜਾ ਸਕਦਾ ਹੈ, ਇਸਦੇ ਸਾਹਿਤ ਤੇ ਸਭਿਆਚਾਰ 'ਚੋਂ ਵੀ ਟੂਕਾਂ ਦਿਤੀਆਂ ਜਾ ਸਕਦੀਆਂ ਹਨ। ਬਹੁਤੇ ਸੰਕੀਰਨ ਹੋਣ ਨਾਲ ਵੀ ਗੱਲ ਨਹੀ ਬਣਦੀ, ਜਿਵੇਂ ਕਿਸੇ ਭਾਸ਼ਾ ਤੋਂ ਐਲਰਜੀ ਹੀ ਹੋਵੇ। ਇਹ ਸਾਰਾ ਗਿਆਨ ਦੂਜੀ ਭਾਸ਼ਾ ਜਾਂ ਸਾਹਿਤ ਨਾਲ ਵਾਬਸਤਾ ਹੋਕੇ ਹੀ ਆ ਸਕਦਾ ਹੈ, ਮਿੰਨੀ ਕਹਾਣੀ ਅਸਲ ਵਿਚ ਇਕ ਚੋਭ, ਇਕ ਟੀਸ, ਇਕ ਚੋਟ, ਇਕ ਚੂੰਡੀ ਵਰਗਾ ਅਹਿਸਾਸ ਹੈ। ਕੁੱਜੇ ਵਿਚ ਸਾਰਾ ਸਮੁੰਦਰ ਬੰਦ ਕਰਨ ਵਾਲੀ ਗੱਲ ਹੈ। ਪਾਠਕ ਨੂੰ ਮਹਿਸੂਸ ਹੋਵੇ ਕਿ ਉਸਨੇ ਬੜੇ ਥੋੜੇ 'ਚ ਬਹੁਤ ਕੁਝ ਪ੍ਰਾਪਤ ਕਰ ਲਿਆ ਹੈ।

ਅਕਸਰ ਮਿੰਨੀ ਕਹਾਣੀ 'ਚ ਸੰਕੇਤਕ ਭਾਸ਼ਾ ਵਰਤੀ ਗਈ ਹੁੰਦੀ ਹੈ। ਇਸੇ ਕਾਰਣ ਇਹ ਵਧੇਰੇ ਸੁਚੇਤ ਅਤੇ ਗੰਭੀਰ ਪਾਠਕ ਦੀ ਮੰਗ ਕਰਦੀ ਹੈ। ਜਿਹੜੇ ਉਸ ਪੱਧਰ ਤੇ ਆ ਕੇ ਉਸਨੂੰ ਛੇਤੀ ਨਾਲ ਗ੍ਰਹਿਣ ਕਰ ਲੈਣ। ਲੇਖਕ ਪਾਠਕ ਦਾ ਰਾਬਤਾ ਬਣਿਆ ਰਹੇ ਅਤੇ ਉਨ੍ਹਾਂ ਵਿਚ ਠੀਕ ਸੰਚਾਰ ਕੰਮ ਕਰ ਸਕੇ। ਇਹ ਨਾ ਹੋਵੇ ਕਿ ਲੇਖਕ ਕਹਿਣਾ ਕੁਝ ਹੋਰ ਚਾਹੁੰਦਾ ਹੋਵੇ ਅਤੇ ਪਾਠਕ ਉਸਦੇ ਕੁਝ ਹੋਰ ਹੀ ਗ਼ਲਤ ਅਰਥ ਕੱਢਦਾ ਫਿਰੇ। ਹਰ ਗੱਲ ਸਹੀ ਢੰਗ ਨਾਲ ਸੰਚਾਰਿਤ (Convey) ਹੋਣੀ ਚਾਹੀਦੀ ਹੈ। ਲੇਖਕ ਇੰਨਾ (absurd) ਜਾਂ (Vague) ਨਾ ਹੋ ਜਾਵੇ ਕਿ ਉਸਦੀ ਕਹੀ ਹੋਏ ਗੱਲ, ਪਾਠਕ ਦੇ ਜ਼ਿਹਨ ਵਿਚ ਹੀ ਨਾ ਪਵੇ ਅਤੇ ਅਰਥਾਂ ਦੇ ਅਨਰਥ ਹੋ ਜਾਣ। ਜੋ ਸੁਨੇਹਾ (message) ਰਚਨਾਕਾਰ ਆਪਣੀ ਰਚਨਾ ਵਿਚ ਦੇਣਾ ਚਾਹੁੰਦਾ ਹੈ, ਉਸਦਾ ਸੰਚਾਰ ਠੀਕ ਤਰੀਕੇ ਨਾਲ ਹੋਣਾ ਚਾਹੀਦਾ ਹੈ, ਇਸ ਪੱਖੋਂ ਇਹ ਵੀ ਸਹੀ ਰਹੇਗਾ ਕਿ ਕਿਸੇ ਇਕ ਮਿੰਨੀ ਕਹਾਣੀਕਾਰ ਦੀਆਂ ਸਮੁੱਚੀਆਂ ਰਚਨਾਵਾਂ ਦੀ ਥੀਮਕ-ਸਮੱਗਰੀ ਦਾ ਵਿਸ਼ਲੇਸ਼ਣ ਕੀਤਾ ਜਾਵੇ, ਜਿਸ ਨਾਲ ਉਸਦਾ ਵਿਸ਼ੇਸ਼ ਮੋਟਿਫ਼ ਦ੍ਰਿਸ਼ਟੀਗੋਚਰ ' ਹੋ ਸਕੇ। ਜਿਸ ਰਾਹੀਂ ਉਸਦੀ ਸ਼ੈਲੀ, ਵਿਚਾਰਧਾਰਾ, ਮਨੋਸਥਿਤੀ, ਬੌਧਿਕ ਪੱਧਰ, ਅਨੁਭਵ, ਅਧਿਐਨ, ਗਿਆਨ ਸਾਹਮਣੇ ਆ ਸਕੇ।

ਮਿੰਨੀ ਕਹਾਣੀ ਵਿਚ ਵਾਰਤਾਲਾਪ ਇਕ ਅਜਿਹਾ ਜ਼ਰੀਆ ਜਾਂ ਮਾਧਿਅਮ ਹੈ, ਜਿਸ ਦੁਆਰਾ ਕਥਾਕਾਰ ਆਪਣੀਆਂ ਬਹੁਤ ਸਾਰੀਆ ਗੱਲਾਂ ਸਹਿਜੇ ਹੀ ਕਹਿ ਸਕਦਾ ਹੈ, ਇਕ ਸੁਨੇਹਾ ਦੇ ਸਕਦਾ ਹੈ, ਸਮੱਸਿਆ ਦਾ ਸਮਾਧਾਨ ਦਸ ਸਕਦਾ ਹੈ, ਸੁਝਾਅ ਦੇ ਸਕਦਾ ਹੈ। ਮਿਸਾਲ ਵਜੋਂ ਪਾਤਰਾਂ ਦੀ ਭਾਸ਼ਾ ਦੁਆਰਾ ਪਾਤਰਾਂ ਦੀ ਮਾਨਸਿਕ ਦਸ਼ਾ ਬਹੁਤ ਹੀ ਖ਼ੂਬਸੂਰਤੀ ਨਾਲ ਵਿਅੱਕਤ ਹੋ ਸਕਦੀ ਹੈ, ਜਿਵੇਂ ਪਾਤਰ ਦੀ ਗੁੱਸੇ ਵਾਲੀ ਭਾਸ਼ਾ, ਬੱਚੇ ਦੀ ਤੋਤਲੀ ਭਾਸ਼ਾ, ਕਿਸੇ ਖ਼ਾਸ ਪੇਸ਼ੇ ਜਾਂ ਕਿੱਤੇ (Profession) ਦੀ ਭਾਸ਼ਾ, ਗਾਲ੍ਹ ਕੱਢਣ ਵਾਲੀ ਭਾਸ਼ਾ, ਪੜ੍ਹੇ-ਲਿਖੇ ਅਤੇ ਅਨਪੜ੍ਹ ਦੀ ਭਾਸ਼ਾ ਆਦਿ। ਡਾਇਲਾਗ ਰਾਹੀਂ ਕਿਰਦਾਰ ਆਪਣੇ ਆਪ ਉਘੜਦਾ ਹੈ, ਉਸਨੂੰ ਬਿਆਨੀਆ ਸ਼ੈਲੀ ਵਿਚ ਪੇਸ਼ ਕਰਨ ਦੀ ਲੋੜ ਹੀ ਨਹੀਂ ਪੈਂਦੀ। ਉਸ ਦੀਆਂ ਇਕ ਤੋਂ ਬਾਅਦ ਦੂਜੀਆਂ ਪਰਤਾਂ ਆਪਣੇ ਆਪ ਸਾਹਵੇਂ ਆਉਂਦੀਆਂ ਜਾਂਦੀਆ ਹਨ। ਲੇਖਕ ਦੇ ਬਿਨਾਂ ਕੁਝ ਕਿਹਾ, ਉਹ ਖ਼ੁਦ-ਬ-ਖ਼ੁਦ ਪਾਠਕ ਦੇ ਮਨ ਤੇ ਆਪਣੀ ਚੰਗਿਆਈ ਜਾਂ ਬੁਰਿਆਈ ਦੀ ਅਨੂਠੀ ਛਾਪ ਛੱਡ ਜਾਂਦਾ ਹੈ। ਇਹੀ ਵਾਰਤਾਲਾਪ ਦਾ ਮੀਰੀ ਗੁਣ ਹੁੰਦਾ ਹੈ।

ਵਾਰਤਾਲਾਪ ਮਹਿਜ਼ ਵਾਰਤਾਲਾਪ ਪਾਉਣ ਦੀ ਗ਼ਾਤਿਰ ਹੀ ਨਾ ਪਾਈ ਜਾਵੇ, ਉਸਦਾ ਕੋਈ ਅਰਥ (meaning) ਹੋਵੇ, ਕਥਾ ਨੂੰ ਅੱਗੇ ਤੋਰਨ ਦਾ, ਕਥਾ ਵਿਚ ਮੋੜ ਲਿਆਉਣ ਦਾ।

ਥੋੜੇ ਸ਼ਬਦਾਂ ਰਾਹੀਂ ਘੱਟ ਸਮੇਂ ਵਿਚ ਪ੍ਰਭਾਵਸ਼ਾਲੀ ਵਿਚਾਰ ਜਾਂ ਗੱਲ ਪੇਸ਼ ਕਰਨੀ, ਸਿਰਫ਼ ਮਿੰਨੀ ਕਹਾਣੀ ਦੇ ਹੀ ਹਿੱਸੇ ਆਈ ਹੈ। ਇਹ ਇਸਦੀ ਸਮੱਰਥਾ ਦਾ ਮੀਰੀ ਗੁਣ ਹੈ। ਇਹ ਵਿਸ਼ੇਸ਼ਤਾ ਨਾ ਤਾਂ ਨਿੱਕੀ ਕਹਾਣੀ ਵਿਚ ਹੈ ਤੇ ਨਾ ਹੀ ਨਾਵਲ ਜਾਂ ਨਾਵਲੈੱਟ ਵਿਚ। ਅਜੋਕੇ ਤੇਜ਼ ਰਫ਼ਤਾਰ ਵਾਲੇ ਅਤੇ ਸ਼ਾਟਕੱਟ ਵਾਲੇ ਯੁੱਗ ਵਿਚ ਇਹ ਇਕ ਵੱਡਾ ਅਤੇ ਅਹਿਮ ਗੁਣ ਹੈ। ਇਸਦਾ ਪ੍ਰਭਾਵ ਵੀ ਲੰਮੇ ਸਮੇਂ ਤੱਕ ਰਹਿੰਦਾ ਹੈ ਅਤੇ ਚਿਰਸਥਾਈ ਪੈਂਦਾ ਹੈ। ਇਸ ਵਿਚ ਕਹੀ ਟੁੰਬਵੀਂ ਗੱਲ ਧੁਰ ਅੰਦਰ ਤੱਕ ਮਾਰ ਕਰਦੀ ਹੈ।

ਨਵੇਂ ਕਹਾਣੀਕਾਰਾਂ ਵਿਚ ਇਹ ਰੁਝਾਨ ਆਮ ਦੇਖਿਆ ਜਾ ਸਕਦਾ ਹੈ ਕਿ ਉਹ ਦੋ ਵਿਰੋਧੀ ਧਿਰਾਂ ਜਾਂ ਦਿਸ਼ਾਵਾਂ ਦੇ ਟਕਰਾਉ ਦੁਆਰਾ ਸਹਿਜਤਾ ਨਾਲ ਆਪਣਾ ਮੰਤਵ ਨਵੇਂ ਜ਼ਾਵੀਏ (angle) ਤੋਂ ਉਭਾਰਦੇ ਹਨ। ਇਹ ਮਿੰਨੀ ਕਹਾਣੀ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ। ਲੇਕਿਨ ਇਸ ਵਿਚ ਉਹੀ ਲੇਖਕ ਸਫਲ ਹੋ ਪਾਂਦੇ ਹਨ ਜਿਹੜੇ ਸਹਿਜ-ਸੁਭਾਅ ਹੀ ਗੱਲ ਨੂੰ ਸਿਰੇ ਲਾ ਦਿੰਦੇ ਹਨ, ਅਤੇ ਜਿਹੜੇ ਜ਼ੋਰ ਲਾ ਕੇ ਜਾਂ ਕਿਲ ਕੇ ਆਪਣਾ ਮੋਟਿਫ਼, ਟਕਰਾਉ ਜਾਂ ਅੰਤਰ ਦੁਆਰਾ ਪੇਸ਼ ਕਰਨਾ ਚਾਹੁੰਦੇ ਹਨ, ਉਹ ਬੁਰੀ ਤਰ੍ਹਾਂ ਅਸਫਲ ਹੋ ਜਾਂਦੇ ਹਨ। ਸੱਚੇ ਪਾਠਕ ਝੱਟ ਉਸਦੀ ਚਲਾਕੀ ਜਾ ਹੁਸ਼ਿਆਰੀ ਨੂੰ ਸ਼ੁਰੂ ਤੋਂ ਹੀ ਫੜ ਲੈਂਦਾ ਹੈ। ਜਦੋਂ ਪੜ੍ਹਨ ਵਾਲੇ ਨੂੰ ਪਹਿਲਾਂ ਹੀ ਜਾਂ ਅਗਾਊਂ ਹੀ ਪਤਾ ਚਲ ਜਾਵੇ ਕਿ ਅੱਗੇ ਕੀ ਹੋਣ ਵਾਲਾ ਹੈ ਜਾਂ ਅੰਤ ਕਿਥੇ ਜਾ ਕੇ ਮੁੱਕੇਗਾ ਤਾਂ ਉਸਨੂੰ ਉਸ ਲਿਖਾਰੀ ਤੇ ਤਰਸ ਆਉਣ ਲੱਗ ਪੈਂਦਾ ਹੈ ਕਿ ਉਹ ਸਾਹਿਤ ਦੀ ਅਜਿਹੀ ਸੇਵਾ ਕਿਉਂ ਕਰ ਰਿਹਾ ਹੈ। ਜਾਂ ਅਜਿਹਾ ਸਾਹਿਤ ਰੱਚ ਕੇ ਉਹ ਕੀ ਵਾਧਾ ਜਾਂ ਇਜ਼ਾਫ਼ਾ ਕਰ ਰਿਹਾ ਹੈ ? ਇਹਨਾਂ ਉਕਤ ਗੱਲਾਂ ਤੋਂ ਮਿੰਨੀ ਕਹਾਣਈਕਾਰ ਨੂੰ ਬਚਣ ਦੀ ਲੋੜ ਰਹਿੰਦੀ ਹੈ।

ਮਿੰਨੀ ਕਹਾਣੀ ਵਿਚ ਤਿੱਖਾ ਵਿਅੰਗ ਜਾਂ ਕਟਾਕਸ਼ ਹੋਣਾ ਲਾਜ਼ਮੀ ਹੈ। ਇਸ ਵਿਚ ਭਾਸ਼ਾ ਉੱਤੇ ਕਾਬੂ ਤੇ ਸੰਜਮਤਾ ਜ਼ਰੂਰੀ ਹੈ। ਇਸਦੇ ਨਾਲ ਹੀ ਇਹ ਵੀ ਹੋਵੇ ਕਿ ਕਹਾਣੀ ਨੇ ਯਥਾਰਥਤਕਤਾ ਦੀ ਬੁੱਕਲ ਮਾਰੀ ਹੋਵੇ। ਇਹ ਨਹੀਂ ਹੋਣਾ ਚਾਹੀਦਾ ਕਿ ਉਹ ਕਿਸੇ ਕਾਲਪਨਿਕ ਜਾਂ ਪਰਾ-ਕਾਲਪਨਿਕ ਦੇਸ਼ ਦੀਆਂ ਗੱਲਾਂ ਹੀ ਜਾਪਣ। ਸਮਾਜਿਕ ਧਰਾਤਲ ਤੇ ਰਹਿ ਕੇ ਗੱਲ ਕੀਤੀ ਗਈ ਹੋਣੀ ਚਾਹੀਦੀ ਹੈ, ਜਿਸ ਵਿਚ ਸੱਚ ਦੇ ਦਰਸ਼ਨ ਹੋਣ ਤੇ ਇਹ ਸੱਚ ਸਾਡੇ ਸਭ ਦਾ ਹੋਵੇ, ਲੇਖਕ ਦਾ ਹੀ ਨਾ ਹੋ ਕੇ ਰਹਿ ਜਾਵੇ। ਭਾਵੇਂ ਇਸ ਵਿਚ ਮਨੁੱਖੀ ਮਨ ਅਤੇ ਸੁਭਾਅ ਦੇ ਅਨੇਕ ਪਹਿਲੂ ਅਲੱਗ ਅਲੱਗ ਦ੍ਰਿਸ਼ਟੀਕੋਣਾਂ ਤੋਂ ਵਿਅੱਕਤ ਕੀਤੇ ਗਏ ਹੋਣ।

ਘਟਨਾ ਨੂੰ ਮਿੰਨੀ ਕਹਾਣੀ ਦਾ ਜਾਮਾ ਪਹਿਨਾ ਕੇ ਮੂਲ ਤੱਤਾਂ ਦੀ ਗੰਭੀਰਤਾ ਅਤੇ ਸਹਿਜਤਾ ਨਾਲ ਨਿਸ਼ਾਨਦੇਹੀ ਕੀਤੀ ਗਈ ਹੋਵੇ। ਇਹ ਸਮਾਂ ਮਿੰਨੀ ਕਹਾਣੀ ਨੂੰ ਪੱਕੇ ਪੈਰੀਂ ਖੜੇ ਕਰਨ ਦਾ ਸਮਾਂ ਹੀ ਹੈ। ਮਿੰਨੀ ਕਹਾਣੀਕਾਰਾਂ ਨੂੰ ਇਸ ਵਿਚ ਬਹੁਰੰਗੇ ਜੀਵਨ ਦੇ ਵੰਨ-ਸੁਵੰਨੇ ਰੰਗ ਭਰਨੇ ਚਾਹੀਦੇ ਹਨ, ਤਾਂ ਕਿ ਇਹ ਰੰਗ ਕਾਫੀ ਉਘੜਨ ਅਤੇ ਪਾਠਕ ਦੇ ਮਨ ਤੇ ਗੂੜਾ ਅਸਰ ਛੱਡਣ, ਇਕ ਅਨੋਖੀ ਛਾਪ ਛੱਡਣ ਅਤੇ ਇਕ ਵੱਖਰੀ ਤੇ ਅਨੂਠੀ ਆਭਾ ਪ੍ਰਦਾਨ ਕਰਨ।

ਪੰਜਾਬੀ ਦੇ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਸਦਾ ਨਾਂ 'ਮਿੰਨੀ' ਨਾ ਹੋ ਕੇ ਕੁਝ ਹੋਰ ਹੋਣਾ ਚਾਹੀਦਾ ਸੀ, ਮਸਲਨ : ਬਿੰਦੂ, ਪਿੱਦੀ, ਗਿੰਨੀ, ਗਿਪਨੀ, ਮਧਰੀ, ਬੌਣੀ, ਗੀਠੀ, ਪੀਚਣੀ, ਮੀਸਣੀ ਆਦਿ। ਗੱਲ ਸਿਰਫ ਨਾਮਕਰਣ ਦੀ ਨਹੀਂ ਹੁੰਦੀ, ਨਾਮ ਚੰਗਾ ਰੱਖ ਕੇ ਵੀ ਗੱਲ ਉੱਥੇ ਦੀ ਉਥੇ ਹੀ ਰਹੇ ਤਾਂ ਕਿੰਨੀ ਮਾੜੀ ਗੱਲ ਤੇ ਤਰਸਯੋਗ ਹਾਲਤ ਹੁੰਦੀ ਹੈ। ਮਾਪੇ ਪੁੱਤਰ ਦਾ ਨਾਂ ਕੁਲਤਾਰ ਰੱਖ ਦੇਣ ਤੇ ਉਹ ਕੁੱਲ ਨੂੰ ਡੋਬਣ ਵਾਲਾ ਸਾਬਿਤ ਹੋਵੇ ਤਾਂ ਉਸਦੀ ਅਹਿਮੀਅਤ ਕੀ ਹੋਵੇਗੀ ਜਾਂ ਧਨੀਰਾਮ ਨਾਂ ਵਾਲਾ ਵਿਅਕਤੀ ਕੱਖਾਂ ਚ ਰੁੱਲਦਾ ਹੋਵੇ ਤਾਂ ਉਸ ਦਾ ਕੀ ਲਾਭ, ਉਸਦੀ ਕੀ ਖ਼ਾਸੀਅਤ। ਉਹ ਨਾਂ ਨੂੰ ਕਿੰਨਾ ਕੁ ਜਸਟੀਫਾਈ ਕਰ ਰਿਹਾ ਹੋਵੇਗਾ। ਇਹੀ ਗੱਲ ਮਿੰਨੀ ਕਹਾਣੀ ਦੇ ਨਾਂ ਸਬੰਧੀ ਹੈ। ਚੂੰਕਿ ਹੁਣ ਇਸਦਾ ਨਾਂ ਪ੍ਰਚਲਿਤ ਹੋ ਚੁੱਕਾ ਹੈ, ਹੁਣ ਅੱਧਵਾਟੇ ਜਾਂ ਅੱਧ ਵਿਚਾਲੇ ਇਸਨੂੰ ਬਦਲਣਾ ਉਚਿੱਤ ਨਹੀਂ ਰਹੇਗਾ। ਪੰਜਾਬੀ ਮਿੰਨੀ-ਕਹਾਣੀਕਾਰਾਂ ਦਾ ਹੁਣ ਇਹ ਫਰਜ਼ ਬਣਦਾ ਹੈ ਕਿ ਉਹ ਇਸ ਨਾਂ ਨੂੰ ਹੀ ਯੋਗ ਅਤੇ ਉਚਿੱਤ ਠਹਿਰਾਉਣ ਅਤੇ ਇਸ ਉੱਤੇ ਹੀ ਪੂਰੇ ਉਤਰਨ। ਨਾਵਾਂ ਦੇ ਚੱਕਰ 'ਚ ਪੈ ਕੇ ਇਸ ਨਵੀਂ- ਨਕੋਰ ਵਿਧਾ ਦਾ ਮਲੀਆ-ਮੇਟ ਨਾ ਕਰਨ, ਇਸਦਾ ਘਾਣ ਨਾ ਕਰਨ। ਇਸਨੂੰ ਆਪਣੇ ਪੈਰਾਂ ਤੇ ਖਲੋਣ ਦੇਣ ਅਤੇ ਇਸਦੀ ਪੂਰੀ ਸਪੋਰਟ ਕਰਨ।

ਮਿੰਨੀ ਕਹਾਣੀ ਵਿਚ ਸਭ ਤੋਂ ਵੱਡਾ ਨੁੱਕਸ, ਦੋਸ਼ ਜਾਂ ਘਾਟ (Drawback) ਇਹ ਹੈ ਕਿ ਇਸਦੇ ਅੰਦਰ ਪਾਤਰ ਚਿਤ੍ਰਣ (Characterisation) ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ, ਜੇ ਥੋੜੀ ਬਹੁਤ ਹੈ ਵੀ ਤਾਂ ਉਹ ਬੜੇ ਸੀਮੀਤ ਸ਼ਬਦਾਂ ਵਿਚ। ਜਿਸ ਸਮਾਜ ਵਿਚ ਅਸੀਂ ਵਿਚਰਦੇ ਹਾਂ, ਉਸ ਸਮਾਜ ਉਸ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ, ਕੌੜੀਆਂ ਸੱਚਾਈਆਂ ਅਤੇ ਇਨਸਾਨ ਦੇ ਦੁੱਖਾਂ ਸੁੱਖਾਂ, ਖੁਸ਼ੀਆਂ ਗਮੀਆਂ ਨੂੰ ਮਿੰਨੀ ਕਹਾਣੀ ਦੀ ਕਲਾ ਰਾਹੀਂ ਪੇਸ਼ ਕਰਨਾ ਹੀ ਅਸਲ ਮਿੰਨੀ ਕਹਾਣੀ ਹੈ। ਮਿੰਨੀ ਕਹਾਣੀ ਇਕ ਐਸੀ ਰਚਨਾ ਹੋ ਨਿਬੜੇ, ਜਿਸ ਵਿਚ ਸਾਨੂੰ ਇਨਸਾਨ ਦੀ ਅੰਤਰੀਵ ਯਥਾਰਥਕ ਤਸਵੀਰ ਮਿਲੇ, ਉਪਰੀ ਓਪਰੀ ਤੇ ਬਾਹਰੀ

ਤਸਵੀਰ ਹੀ ਨਾ ਪੇਸ਼ ਹੋਵੇ। ਵੱਖ ਵੱਖ ਪ੍ਰਸਥਿਤੀਆਂ ਵਿਚ ਉਸਦੇ ਅਲੱਗ ਅਲੱਗ ਹਾਵ-ਭਾਵ, ਉਸਦੀ ਮਾਨਸਿਕ ਦਸ਼ਾ ਦਾ ਚਿੱਤਰ ਪ੍ਰਤੱਖ ਨਜ਼ਰੀ ਆਵੇ। ਇਹ ਚੀਜ਼ਾਂ ਤਦ ਹੀ ਸੰਭਵ ਹੋ ਸਕਣਗੀਆਂ, ਜੇਕਰ ਮਿੰਨੀ ਕਹਾਣੀਕਾਰ ਖ਼ੁਦ ਤਜੱਰਬੇਕਾਰ ਅਨੁਭਾਵਸ਼ੀਲ, ਸੰਵੇਦਨਸ਼ੀਲ ਕਲਾ-ਦ੍ਰਿਸ਼ਟੀ ਦਾ ਮਾਲਿਕ ਅਤੇ ਸਹੀ ਸੇਧ ਪ੍ਰਦਾਨ ਕਰਨ ਵਾਲਾ ਹੋਵੇ। ਰਚਨਾ ਵਿਚ ਲੇਖਕ ਦਾ ਆਪਾ ਬੋਲ ਰਿਹਾ ਹੁੰਦਾ ਹੈ। ਜਿਹੋ ਜਿਹੇ ਰਚਨਾਕਾਰ ਦੇ ਵਿਚਾਰ ਹੋਣਗੇ, ਉਹੋ ਜਿਹੀ ਉਸਦੀ ਸ਼ੈਲੀ (Style) ਹੋਵੇਗੀ। ਇਸ ਸਭ ਕਾਸੇ ਦੇ ਪਿੱਛੇ ਉਸਦਾ ਅਧਿਐਨ ਅਤੇ ਉਸਦਾ ਅਨੁਭਵ ਖੜਾ ਹੁੰਦਾ ਹੈ। ਜਿੰਨਾ ਕਿਸੇ ਲੇਖਕ ਦਾ ਵਿਸ਼ਾਲ ਅਤੇ ਡੂੰਘਾ ਅਧਿਐਨ ਅਤੇ ਉਸਦਾ ਅਨੁਭਵ ਹੋਵੇਗਾ, ਉਤਨੀ ਹੀ ਉਸਦੀ ਲਿਖਤ ਜਾਂ ਸ਼ੈਲੀ ਵਿਚ ਪੁਖ਼ਤਗੀ ਹੋਵੇਗੀ। ਮਨੁੱਖੀ ਮਨ ਦੀਆਂ ਭਾਵੇਂ ਕਈ ਪਰਤਾਂ ਹਨ ਪਰ ਫੇਰ ਵੀ ਲੇਖਕ ਦਾ ਮਨ ਕੁਝ ਹੱਦ ਤਕ ਉਸਦੀ ਰਚਨਾ ਦੇ ਰਾਹੀਂ ਪੜ੍ਹਿਆ ਜਾ ਸਕਦਾ ਹੈ। ਉਸ ਦੀ ਕੁਝ ਝਲਕ ਸੁਚੇਤ ਪਾਠਕ ਨੂੰ ਪੈ ਹੀ ਜਾਂਦੀ ਹੈ, ਚਾਹੇ ਉਹ ਕਿੰਨਾ ਵੀ ਛੁਪਾਉਣ ਦੀ ਕੋਸ਼ਿਸ ਕਰੇ। ਸ਼ੁੱਧ ਹਿਰਦੇ ਵਾਲਾ ਇਨਸਾਨ ਹੀ ਸੁਹਿਰਦਤਾ ਦਿਖਾ ਸਕਦਾ ਹੈ। ਇਹ ਸੁਹਿਰਦਤਾ ਰਚਨਾਕਾਰ ਦੀ ਰਚਨਾ ਵਿਚ ਵੀ ਸਪਸ਼ਟ ਝਲਕਦੀ ਦਿਸ ਪੈਂਦੀ ਹੈ।

ਨਿੱਕੀ ਕਹਾਣੀ ਅਤੇ ਨਾਵਲ ਦਾ ਕੈਨਵਸ ਅਤੇ ਪੈਟਰਨ ਮਿੰਨੀ ਕਹਾਣੀ ਦੇ ਮੁਕਾਬਲਤਨ ਵਧੇਰੇ ਵਿਸ਼ਾਲ ਅਤੇ ਖੁੱਲ੍ਹਾ ਹੁੰਦਾ ਹੈ। ਜਦੋਂ ਕਿ ਮਿੰਨੀ ਕਹਾਣੀ ਸੰਖੇਪਤਾ, ਤੀਖਣਤਾ ਅਤੇ ਸੰਜਮਤਾ ਦੀ ਲਖਾਇਕ ਹੁੰਦੀ ਹੈ। ਇਸਦਾ ਕੈਨਵਸ ਬਹੁਤ ਨਿੱਕਾ ਅਤੇ ਛੋਟਾ ਹੁੰਦਾ ਹੈ। ਉਸੇ ਵਿਚ ਰਚਨਾਕਾਰ ਨੇ ਰੰਗ ਭਰਨੇ ਹੁੰਦੇ ਹਨ। ਉਸੇ ਵਿਚ ਹੀ ਨਿੱਕੀਆਂ ਨਿੱਕੀਆ ਛੁਹਾਂ ਪ੍ਰਦਾਨ ਕਰਨੀਆਂ ਹੁੰਦੀਆਂ ਹਨ। ਜਿਸ ਨਾਲ ਨਿੱਕੀ ਜਿਹੀ ਚੀਜ਼ ਵਿਚ ਵੀ ਜਾਨ ਪੈ ਜਾਵੇ ਤੇ ਉਹ ਵੱਡੀਆਂ ਵੱਡੀਆਂ ਚੀਜ਼ਾ ਨੂੰ ਮਾਤ ਪਾ ਦੇਵੇ, ਇਸੇ ਵਿਚ ਹੀ ਕਲਾਕਾਰੀ ਹੈ।

ਮਿੰਨੀ ਕਹਾਣੀ ਵਿਚ ਘਟਨਾ, ਟੱਕਰ ਦਰਸਾਈ ਗਈ ਹੁੰਦੀ ਹੈ ਪਰੰਤੂ ਇਸ ਟੱਕਰ ਦੇ ਪਿਛੋਕੜ ਨੂੰ ਵਿਸਤਾਰ ਨਹੀ ਦਿੱਤਾ ਗਿਆ ਹੁੰਦਾ। ਕਿਉਂਕਿ ਉਸਦੀ ਗੁੰਜਾਇਸ਼ ਹੀ ਨਹੀਂ ਹੁੰਦੀ। ਧੱਕੇ ਨਾਲ ਜਾ ਜ਼ਬਰਦਸਤੀ ਵਿਸਥਾਰ ਦੇਣ ਨਾਲ ਉਸਦੀ ਮਿਕਨਾਤੀਸੀ ਖਿੱਚ ਜਾਂ ਖ਼ੂਬਸੂਰਤੀ ਉੱਕਾ ਹੀ ਜਾਂਦੀ ਰਹਿੰਦੀ ਹੈ। ਘਟਨਾ ਦੀ ਪੇਸ਼ਕਾਰੀ ਵਿਚ ਹੀ ਇਕ ਜ਼ੁਬਸ਼, ਇਕ ਸ਼ਕਤੀ ਹੁੰਦੀ ਹੈ, ਜੋ ਪਾਠਕ ਨੂੰ ਕੀਲ ਲੈਂਦੀ ਹੈ-ਪ੍ਰਭਾਵਿਤ ਕਰਦੀ ਹੈ। ਜੇਕਰ ਘਟਨਾ 'ਚ ਹੀ ਦਮ ਨਾ ਹੋਵੇ ਤਾਂ ਕਥਾ ਰਸ ਖਤਮ ਹੁੰਦਾ ਰਹਿੰਦਾ ਹੈ ਅਤੇ ਮਿੰਨੀ ਕਹਾਣੀ ਦੀ ਅਸਲੀ ਚੂਲ ਹੀ ਢਿੱਲੀ ਹੋ ਜਾਂਦੀ ਹੈ, ਜਿਸ ਉੱਤੇ ਸਾਰੀ ਕਹਾਣੀ ਦਾ ਦਾਰੋਮਦਾਰ ਹੁੰਦਾ ਹੈ। ਇਸ ਮਿੰਨੀ

ਕਹਾਣੀ ਰੂਪੀ ਮੰਜੇ ਦੀਆਂ ਚੂਲਾਂ ਲੇਖਕ ਨੇ ਹੀ ਕੱਸ ਕੇ ਰਖਣੀਆਂ ਹੁੰਦੀਆਂ ਹਨ। ਇਸੇ ਵਿਚ ਉਸਦੀ ਕਾਮਯਾਬੀ ਲੁਕੀ ਹੁੰਦੀ ਹੈ।। ਮਿੰਨੀ ਕਹਾਣੀ ਦੀ ਖ਼ਾਸੀਅਤ ਬਾਰੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਘੱਟ ਤੋਂ ਘੱਟ ਸਮੇਂ ਵਿਚ ਸਹੀ ਨਿਸ਼ਾਨੇ ਤੇ ਸੱਟ ਮਾਰਦੀ ਹੈ। ਇਸ ਲਈ ਇਹ ਕਿਹਾ ਜਾਂਦਾ ਹੈ ਕਿ ਇਹ ਢੁੱਕਵੀਂ ਗੱਲ ਕਰਦੀ ਹੈ, ਨਾ ਇਧਰ ਉਧਰ ਝਾਕਦੀ ਹੈ ਅਤੇ ਨਾ ਹੀ ਕੋਈ ਭੂਮਿਕਾ ਬੰਨਦੀ ਹੈ। ਸ਼ੂਟ ਵੱਟ ਕੇ ਮੰਜ਼ਿਲ ਵੱਲ ਨੂੰ ਵੱਧਦੀ ਹੈ। ਇਹ ਸਮੇਂ ਦੀ ਨਬਜ਼ ਨੂੰ ਸਹੀ ਅਰਥਾਂ ਜਾਂ ਮਾਨਿਆਂ ਵਿਚ ਪਛਾਣਦੀ ਹੈ। ਕਿਉਂਕਿ ਇਹ ਸਮਾਂ ਰਾਕੇਟ ਯੁੱਗ ਦਾ ਹੈ -ਗੱਡਾ-ਯੁੱਗ ਬਹੁਤ ਪਿੱਛੇ ਰਹਿ ਗਿਆ ਹੈ।

ਮਿੰਨੀ ਕਹਾਣੀ ਨੂੰ ਨਾ ਪੱਖੀ (negative) ਪ੍ਰੀਭਾਸ਼ਾ ਦੇਣ ਨਾਲ ਕੰਮ ਸਰ ਸਕਦਾ ਹੈ ਅਰਥਾਤ ਕਿਸ ਰਚਨਾ ਵਿਚ ਕੀ ਕੀ ਨਾ ਹੋਵੇ ਤਾਂ ਉਹ ਮਿੰਨੀ ਕਹਾਣੀ ਕਹਾਏਗੀ। ਅਜਿਹੀ ਵਿਆਖਿਆ ਅਤੇ ਪ੍ਰੀਭਾਸ਼ਾ ਜ਼ਿਆਦਾ ਅਸਰਦਾਇਕ ਜਾਂ ਕਾਰਗਰ ਸਾਬਿਤ ਹੋਵੇਗੀ ਅਤੇ ਛੇਤੀ ਨਾਲ ਸਮਝ 'ਚ ਆ ਜਾਵੇਗੀ। ਮਿੰਨੀ ਕਹਾਣੀਕਾਰ ਦੀ ਚੇਤਨਾ ਉਹਨੀ ਹੀ ਪਕੇਰੀ ਤੇ ਜਾਗਰੂਕ ਹੋਣੀ ਚਾਹੀਦੀ ਹੈ, ਜਿੰਨੀ ਕਿ ਇਕ ਸੂਝਵਾਨ ਤੇ ਪਰਪੱਕ ਨਾਵਲ-ਨਿਗਾਰ ਦੀ। ਇਹ ਨਹੀਂ ਹੋਣਾ ਚਾਹੀਦਾ ਕਿ ਇਹ ਮਿੰਨੀ ਕਹਾਣੀ ਹੈ ਇਸ ਲਈ ਇਹਦੇ ਚ ਘੱਟ ਸਮਰੱਥਾ, ਯੋਗਤਾ ਤੇ ਮਿਹਨਤ ਦੀ ਲੋੜ ਹੈ। ਮਿੰਨੀ ਕਹਾਣੀ ਲਈ ਇਹ ਬਹੁਤ ਲਾਹੇਵੰਦ ਸਾਬਿਤ ਹੋਵੇਗਾ, ਜੇਕਰ ਲੇਖਕ ਪਹਿਲਾਂ ਨਾਵਲ-ਨਵੀਸੀ, ਲੰਮੀ ਕਹਾਣੀ ਜਾਂ ਨਿੱਕੀ ਕਹਾਣੀ ਲਿਖਦਾ ਰਿਹਾ ਹੋਵੇ ਤੇ ਮਗਰੋਂ ਇਸ ਪਾਸੇ ਆਇਆ ਹੋਵੇ।

ਮਿੰਨੀ ਕਹਾਣੀ ਪਾਠਕਾਂ ਨੂੰ ਕੇਵਲ ਭਾਵੁਕ ਜਾਂ ਜਜ਼ਬਾਤੀ (Sentimental) ਕਰਨ ਦੀ ਹੀ ਸ਼ਕਤੀ ਨਾ ਰੱਖਦੀ ਹੋਵੇ, ਸਗੋਂ ਉਹਨਾਂ ਦੇ ਵਿਚਾਰਾਂ ਨੂੰ ਝੰਜੋੜ ਕੇ ਜਾਂ ਹੀ ਹਿਲਾ ਕੇ ਰੱਖ ਦੇਵੇ, ਉਸਦੀ ਅੰਤਰ-ਆਤਮਾ ਤੱਕ ਉਹ ਪਹੁੰਚ ਕਰੇ। ਇਹ ਲੇਖਕ ਦੀ, ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਿਸੇ ਦੇਖੀ-ਪਰਖੀ ਘਟਨਾ ਨੂੰ ਫੋਟੋਗ੍ਰਾਫੀ ਵਾਂਗ ਤੱਟ-ਫੱਟ ਨਾ ਲਿਖ ਮਾਰੇ, ਉਸਨੂੰ ਆਪਣੇ ਪਿੰਡੇ ਤੇ ਹੰਢਾ ਕੇ, ਉਸ ਤੋਂ ਪਰੇ ਖਲੋ ਕੇ ਦੇਖੇ ਤੇ ਫੇਰ ਠਰੰਮੇ ਨਾਲ ਉਸਨੂੰ ਕਾਗਜ਼ ਤੇ ਉਤਾਰੇ। ਵੈਸੇ ਇਹ ਆਪਣਾ ਆਪਣਾ ਨਜ਼ਰੀਆ ਹੈ, ਕੁਝ ਰਚਨਾਕਾਰਾਂ ਦਾ ਮੱਤ ਹੈ ਕਿ ਘਟਨਾ ਨੂੰ ਜੇ ਉਸੇ ਸਮੇਂ ਕਲਮਬੰਦ ਨਾ ਕੀਤਾ ਜਾਵੇ ਤਾਂ ਉਹ ਚੇਤੇ ' ਚੋਂ ਨਿਕਲ ਜਾਂ ਵਿਸਰ ਜਾਂਦੀ ਹੈ। ਉਸਨੂੰ ਉਸੇ ਸਮੇਂ ਤਾਜ਼ਾ ਤਾਜ਼ਾ ਹੀ ਲਿਖ ਲਿਆ ਜਾਵੇ ਤਾਂ ਚੰਗਾ ਰਹਿੰਦਾ ਹੈ, ਨਹੀ ਤਾਂ ਉਸ ਦੀਆਂ ਬਾਰੀਕੀਆਂ ਸਮਰਣ ' ਚੋਂ ਖਾਰਜ ਹੋ ਜਾਂਦੀਆਂ ਹਨ। ਪਰੰਤੂ ਬਹੁਤੇ ਲੇਖਕਾਂ ਦੀ ਰਾਇ ਵਿਚ ਘਟਨਾ ਦੇ ਵਾਪਰਨ ਤੋਂ ਕੁਝ ਸਮਾਂ ਬਾਅਦ ਠੰਡੇ ਦਿਮਾਗ ਨਾਲ ਜਾਂ

ਬੈਲੈਂਸ ਹੋ ਕੇ ਹੀ ਕਾਗਜ਼ ਤੇ ਚਿਤਰਨਾ ਚਾਹੀਦਾ ਹੈ। ਇਹ ਗੱਲ ਵਿਅਕਤੀ ਤੋਂ ਵਿਅਕਤੀ ਤੇ ਨਿਰਭਰ ਕਰਦੀ ਹੈ, ਕੋਈ (Hard and fast) ਨਿਯਮ ਨਹੀਂ ਹੈ ਇਸ ਸਬੰਧੀ।

ਮਿੰਨੀ ਕਹਾਣੀ ਵਿਚ ਸਿਰਲੇਖ ਦੀ ਬੜੀ ਅਹਿਮੀਅਤ ਹੁੰਦੀ ਹੈ, ਢੁੱਕਵਾਂ ਸਿਰਲੇਖ ਇਸਨੂੰ ਚਾਰ ਚੰਨ ਲਾ ਦਿੰਦਾ ਹੈ। ਮਿੰਨੀ ਕਹਾਣੀ ਦੇ ਪ੍ਰਭਾਵ ਨੂੰ ਬਨਾਉਣ ਵਿਚ ਇਹ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਅਤੇ ਮਿੰਨੀ ਕਹਾਣੀ ਦਾ ਬਹੁਤ ਹਿੱਸਾ ਕਥਾਗਤ ਸੰਦੇਸ਼ ਵਿਚ ਲੁਕਿਆ ਹੁੰਦਾ ਹੈ। ਸਿਰਲੇਖ ਜਾਂ ਸ਼ੀਰਸ਼ਕ ਢੁੱਕਵਾਂ ਤਾਂ ਹੋਣਾ ਹੀ ਚਾਹੀਦਾ ਹੈ ਪਰੰਤੂ ਨਾਲ ਹੀ ਆਕਰਸ਼ਕ ਵੀ ਹੋਵੇ ਤਾਂ ਜ਼ਿਆਦਾ ਚੰਗਾ ਰਹਿੰਦਾ ਹੈ। ਜੇਕਰ ਸਿਰਲੇਖ ਕਹਾਣੀ ਦੇ ਥੀਮ ਜਾਂ ਘਟਨਾ ਤੋਂ ਵੱਖਰਾ ਅਤੇ ਹੱਟਕੇ ਹੋਵੇ ਜਾਂ ਉਸ ਨਾਲ ਬਿਲਕੁਲ ਮੇਲ ਨਾ ਖਾਂਦਾ ਹੋਵੇ ਤਾਂ ਪਾਠਕ ਉੱਤੇ ਉਹ ਰਚਨਾ ਬਹੁਤਾ ਪ੍ਰਭਾਵ ਨਹੀਂ ਪਾ ਸਕਦੀ। ਚੂੰਕਿ ਮਿੰਨੀ ਕਹਾਣੀ ਨਿੱਕੇ ਆਕਾਰ ਦੀ ਰਚਨਾ ਹੁੰਦੀ ਹੈ, ਇਸ ਲਈ ਇਸਦਾ ਸਿਰਲੇਖ ਬਹੁਤ ਵੱਡਾ ਨਹੀਂ ਹੋਣਾ ਚਾਹੀਦਾ। ਛੋਟੀ ਰਚਨਾ ਦਾ ਬਹੁਤਾ ਵੱਡਾ ਸਿਰਲੇਖ ਜਾਂ ਹੈਡਿੰਗ ਇਉਂ ਜਾਪਦਾ ਹੈ ਜਿਵੇਂ ਬੱਚੇ ਦੀ ਟਰਾਈ-ਸਾਈਕਲ ਉੱਤੇ ਕੋਈ ਵੱਡਾ ਬੰਦਾ ਬੈਠਾ ਹੋਵੇ। ਸਿਰਲੇਖ ਦੀ ਚੋਣ ਕਰਨ ਲੱਗਿਆਂ ਇਨ੍ਹਾਂ ਗੱਲਾਂ ਦਾ ਖ਼ਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ। ਹਮਦਰਦ ਵੀਰ ਨੌਸ਼ਹਿਰਵੀ ਦੀ ਮਿੰਨੀ ਕਹਾਣੀ ਨਿਰਸੰਦੇਹ ਵਧੀਆ ਹੁੰਦੀ ਹੈ ਪਰ ਸਿਰਲੇਖ ਬੜੇ ਲੰਬੇ ਲੰਬੇ ਹੁੰਦੇ ਹਨ। ਰਚਨਾ ਪੜ੍ਹਨ ਉਪਰੰਤ ਸਿਰਲੇਖ ਵੱਲ ਦੇਖਕੇ ਮਜ਼ਾ ਕਿਰਕਿਰਾ ਹੋ ਜਾਂਦਾ ਹੈ। ਸਿਰਲੇਖ ਦੀ ਬੜੀ ਮਹੱਤਤਾ ਹੁੰਦੀ ਹੈ, ਜੋ ਰਚਨਾ ਦੀ ਜਿੰਦ-ਜਾਨ ਹੀ ਸਮਝੀ ਜਾ ਸਕਦੀ ਹੈ।

ਮਿੰਨੀ ਕਹਾਣੀ ਦਾ ਸਿਰਲੇਖ ਬੜਾ ਸੋਚ-ਸਮਝ ਕੇ ਰਖਣਾ ਚਾਹੀਦਾ ਹੈ। ਇਹ ਇਸਦੇ ਆਕਾਰ ਅਨੁਸਾਰ ਹੀ ਛੋਟਾ ਅਤੇ ਢੁੱਕਵਾਂ ਹੋਣਾ ਚਾਹੀਦਾ ਹੈ। ਇਹ ਨਾ ਹੋਵੇ ਕਿ ਮਿੰਨੀ ਕਹਾਣੀ ਉਹਡੀ ਨਾ ਹੋਵੇ, ਜਿੱਡਾ ਵੱਡਾ ਸਿਰਲੇਖ ਹੋ ਨਿਬੜੇ। ਕਹਾਣੀ ਇਕ ਅਜਿਹਾ ਜਾਦੂ ਹੈ, ਜਿਹੜਾ ਸਿਰ ਚੜ੍ਹਕੇ ਬੋਲਦਾ ਹੈ, ਆਪਣਾ ਸਿੱਕਾ ਮਨਵਾਂਦਾ ਹੈ। ਪਾਠਕ ਨੂੰ ਧੁਰ-ਅੰਦਰ ਤੱਕ ਹਿਲਾਂਦਾ ਹੈ, ਉਸਨੂੰ ਚੰਗੀ ਤਰ੍ਹਾਂ ਝੰਜੋੜਦਾ ਹੈ, ਉਸਨੂੰ ਜਗਾਂਦਾ ਹੈ। ਇਹ ਬਿਖਰੇ ਤੇ ਖਿੰਡਰੇ ਪਏ ਕਪੜਿਆਂ ਦਾ ਢੇਰ ਨਹੀਂ ਹੁੰਦਾ, ਸਗੋਂ ਇਹ ਢੰਗ ਨਾਲ ਚੱਜ ਨਾਲ ਰੱਖੇ ਤੇ ਸਾਂਭੇ ਕਪੜਿਆਂ ਦਾ ਸਮੂਹ ਹੈ। ਇਸਦਾ ਮੁੱਖ ਲੱਛਣ ਕਟਾਕਸ਼, ਤਨਜ਼ (satire) ਅਤੇ ਵਿਅੰਗ ਹੈ। ਜੇਕਰ ਇਹ ਸਭ ਮਿੰਨੀ ਕਹਾਣੀ ਵਿਚ ਨਹੀਂ, ਤਾਂ ਉਹ ਫਿਊਜ਼ ਬਲਬ ਦੀ ਨਿਆਈਂ ਹੈ। ਉਸ ਵਿਚ ਆਤਮਾ ਨਹੀਂ, ਕੇਵਲ ਸਰੀਰ ਜਾਂ ਕਲਬੂਤ ਹੀ ਹੈ।

ਕਿਸੇ ਸਥਿਤੀ ਜਾਂ ਘਟਨਾ ਉੱਤੇ ਉਸੇ ਸਮੇਂ ਰੀਐਕਟ ਕਰਕੇ ਉਸਨੂੰ ਕਲਮਬੰਦ ਕਰਨਾ, ਉਸ ਵਿਸ਼ੇ ਨਾਲ ਨਿਆਂ ਕਰਨਾ ਨਹੀਂ ਹੁੰਦਾ। ਇਹ ਕੇਵਲ ਤਤਕਾਲੀ ਜਾਂ, ਜ਼ਜਬਾਤੀ ਪ੍ਰਤੀਕਰਮ ਹੀ ਹੋਇਆ ਕਰਦਾ ਹੈ। ਚਲੰਤ ਵਿਸ਼ੇ ਨੂੰ ਵਿਅੱਕਤ ਕਰਨ ਲਗਿਆਂ, ਜਜ਼ਬਾਤੀਪੁਣੇ, ਭਾਵੁਕਤਾ ਜਾਂ ਕਾਹਲੇਪਣ ਤੋਂ ਦੂਰ ਰਹਿਣ ਜਾਂ ਗੁਰੇਜ਼ ਕਰਨ ਦੀ ਲੋੜ ਹੁੰਦੀ ਹੈ। ਇਸ ਸਬੰਧ ਵਿਚ ਬਹੁਤ ਸੁਚੇਤ ਰਹਿਣਾ ਪੈਂਦਾ ਹੈ। ਕਿਸੇ ਗੱਲ ਜਾਂ ਘਟਨਾ ਨੂੰ ਉਸੇ ਵੇਲੇ ਫੜ ਕੇ ਚਿਤਰਨਾ ਖਤਰੇ ਤੋਂ ਖਾਲੀ ਨਹੀਂ ਹੁੰਦਾ। ਕਿਹਾ ਜਾਂਦਾ ਹੈ ਕਿ ਜਦੋਂ ਕਿਸੇ ਤੇ ਗੁੱਸਾ ਆਇਆ ਹੋਵੇ ਉਸਨੂੰ ਕਦੇ ਖ਼ਤ ਨਾ ਲਿਖਿਆ ਜਾਵੇ। ਜਦੋਂ ਗੁੱਸਾ ਸ਼ਾਂਤ ਹੋ ਜਾਵੇ ਫੇਰ ਵਿਚਾਰ ਕਰਕੇ ਉਸਨੂੰ ਕੁਝ ਲਿਖਿਆ ਜਾਵੇ।

ਰਚਨਾਕਾਰ ਨੂੰ ਯਥਾਰਥ ਵਿਚ ਰਹਿ ਕੇ ਆਪਣੀ ਰਚਨਾ ਨੂੰ ਜਨਮ ਦੇਣਾ ਚਾਹੀਦਾ ਹੈ। ਕਦੀ ਵੀ ਜ਼ੋਰ ਲਾ ਕੇ ਅਤੇ ਧੱਕੇ ਨਾਲ ਕਿਸੇ ਰਚਨਾ ਉਤੇ ਧਾਰਮਿਕ ਅਤੇ ਸੰਵੇਦਾਤਮਕ ਪ੍ਰਭਾਵ ਪਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪਾਠਕ ਦੀ ਸੋਚ ਨੂੰ ਜਜ਼ਬਾਤੀ ਜਾਂ ਰੁਮਾਂਚਿਤ ਨਹੀਂ ਕਹਨਾ ਚਾਹੀਦਾ, ਸਗੋਂ ਸਹਿਜ ਰੂਪ ਵਿਚ ਉਸਦੀ ਬਿਰਤੀ ਨੂੰ ਟੁੰਬਣਾ ਚਾਹੀਦਾ ਹੈ। ਕੋਈ ਵੀ ਚੀਜ਼ ਪਾਠਕ ਉਤੇ ਥੋਪਣੀ ਨਹੀਂ ਚਾਹੀਦੀ, ਵਿਚਾਰ ਵੀ ਇਹਨੇ ਸਰਲ ਅਤੇ ਸਾਦੇ ਢੰਗ ਨਾਲ ਪੇਸ਼ ਕਰਨੇ ਚਾਹੀਦੇ ਹਨ ਕਿ ਉਸਦੀ ਮਾਨਸਿਕਤਾ ਨੂੰ ਝੰਜੋੜ ਕੇ ਰੱਖ ਦੇਣ। ਉਹ ਭਾਰਾਪਨ ਤੇ ਬੋਝਲਤਾ ਮਹਿਸੂਸ ਨਾ ਕਰੇ। ਸਗੋਂ ਪੜ੍ਹਕੇ ਹਲਕਾਪਨ ਤੇ ਪ੍ਰਸੰਨ ਚਿੱਤ ਮਹਿਸੂਸ ਕਰੇ।

ਮਿੰਨੀ ਕਹਾਣੀ ਵਿਚ ਸ਼ਬਦਾਂ ਦੀ ਚੋਣ ਵਾਸਤੇ ਮੁਹਾਰਤ ਹਾਸਿਲ ਹੋਣੀ ਬੜੀ ਜ਼ਰੂਰੀ ਹੈ। ਇਸਦਾ ਇਕ ਇਕ ਸ਼ਬਦ ਹੀਰਿਆਂ ਅਤੇ ਨੱਗਾਂ ਵਾਂਗ ਜੜਿਆ ਹੋਣਾ ਚਾਹੀਦਾ ਹੈ। ਫਾਲਤੂ ਸ਼ਬਦਾਂ ਜਾਂ ਅਣਢੁੱਕਵੇਂ ਸ਼ਬਦਾਂ ਨੂੰ ਇਹ ਨਹੀਂ ਸਹਾਰ ਸਕਦੀ। ਮਿੰਨੀ ਕਹਾਣੀ ਇਸ ਪ੍ਰਕਾਰ ਦੀ ਮੁਕੰਮਲ ਰਚਨਾ ਹੋਣੀ ਚਾਹੀਦੀ ਹੈ ਕਿ ਉਸ ਵਿਚੋਂ ਨਾ ਤਾਂ ਕੋਈ ਸ਼ਬਦ ਕੱਢਿਆ ਜਾ ਸਕੇ ਅਤੇ ਨਾ ਹੀ ਨਵਾਂ ਪਾਇਆ ਜਾ ਸਕੇ। ਜਿਸ ਨਾਲ ਉਸਦੀ ਖ਼ੂਬਸੂਰਤੀ ਵਿਚ ਅੰਤਰ ਆ ਜਾਂਦਾ ਹੋਵੇ। ਉਹ ਰਚਨਾ ਪੂਰਣ ਰਚਨਾ ਕਹਿਲਾਂਦੀ ਹੈ, ਜਿਸਨੂੰ ਨਾ ਤਾਂ ਘਟਾਇਆ ਜਾ ਸਕੇ ਅਤੇ ਨਾ ਹੀ ਵਧਾਇਆ ਜਾ ਸਕੇ। ਮਿੰਨੀ ਕਹਾਣੀ ਇਕ ਬਿੰਦੂ, ਇਕ ਪਲ ਜਾਂ ਛਿਣ ਦਾ ਸੁੰਦਰ ਚਿਤਰਨ ਹੁੰਦਾ ਹੈ। ਜਿਸਦੇ ਰਾਹੀਂ ਕੁਝ ਵੀ ਅਲੁਕਵਾਂ ਨਹੀਂ ਹੁੰਦਾ, ਸਭ ਕੁਝ ਖੁੱਲੀ ਕਿਤਾਬ ਵਾਂਗ ਹੁੰਦਾ ਹੈ ਅਤੇ ਹੋਰ ਕਿਸੇ ਪ੍ਰਕਾਰ ਦੀ ਵਿਆਖਿਆ ਦੀ ਮੰਗ ਨਹੀਂ ਕਰਦਾ।

ਮਿੰਨੀ ਕਹਾਣੀ ਦਾ ਇਕ ਇਕ ਸ਼ਬਦ ਬਿਜਲੀ ਦੀ ਲਿਸ਼ਕੋਰ ਵਾਂਗ ਹੋਣਾ ਚਾਹੀਦਾ ਹੈ, ਤਾਂ ਕਿ ਉਸ ਨਾਲ ਪਾਠਕ ਦੀ ਮਨੋਦਸ਼ਾ ਅਤੇ ਘਟਨਾ ਬਾਰੇ ਭਲੀ-ਭਾਂਤ ਚਾਨਣਾ ਪੈ ਸਕੇ। ਇਸ ਵਿਚਲਾ ਕਟਾਕਸ਼ ਅਤੇ ਵਿਅੰਗ ਜਿੰਨਾ ਗੰਭੀਰ, ਸੂਖਮ ਅਤੇ ਪੈਨ ਹੋਵੇਗਾ, ਉਨਾਂ ਹੀ ਕਾਰਗਰ ਸਾਬਿਤ ਹੋਵੇਗਾ। ਇਸ ਕਰਕੇ ਮਿੰਨੀ ਕਹਾਣੀਕਾਰਾਂ ਦਾ ਅਧਿਐਨ ਅਤੇ ਸੋਚ ਜਿੰਨੀ ਵਿਸ਼ਾਲ ਹੋਵੇਗੀ, ਉੱਨੀ ਹੀ ਰਚਨਾ ਦਮਦਾਰ ਹੋਵੇਗੀ। ਉਹਨੀ ਹੀ ਉਹ ਵਧੇਰੇ ਮਾਰ ਕਰੇਗੀ। ਇਹੋ ਤਕਨੀਕ ਮਿੰਨੀ ਕਹਾਣੀ ਦੀ ਖ਼ਾਸ ਮੰਗ ਹੈ। ਵਿਸ਼ੇਸ਼ ਲੋੜ ਹੈ। ਕਥਾ ਜਾਂ ਕਹਾਣੀ ਦਾ ਆਪਣਾ ਮਹੱਤਵ ਹੈ ਪਰੰਤੂ ਉਸ ਵਿਚਲੀ ਚੋਣਾਂ ਜਾਂ ਡੰਗ ਦਾ ਆਪਣਾ ਹੀ ਰੋਲ ਹੈ। ਮਿੰਨੀ ਕਹਾਣੀ ਵਿਚ ਜੇਕਰ ਇਹ ਚੀਜ਼ਾਂ ਲੁਪਤ ਹਨ ਜਾਂ ਖ਼ਾਰਿਜ ਹਨ ਤਾਂ ਉਸਦੀ ਕੋਈ ਆਹਿਮੀਅਤ ਨਹੀ ਰਹਿ ਜਾਂਦੀ।

ਕਈ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਮਿੰਨੀ ਕਹਾਣੀ ਬੁਝਾਵਲ ਕਥਾਵਾਂ (Riddles) ਦੇ ਨੇੜੇ ਹੈ। ਇਹ ਗੱਲ ਪੂਰੀ ਤਰ੍ਹਾਂ ਦਰੁੱਸਤ ਨਹੀਂ ਕਹੀ ਜਾ ਸਕਦੀ। ਡਾ. ਕਰਨੈਲ ਸਿੰਘ ਥਿੰਦ ਦਾ ਕਹਿਣਾ ਹੈ 'ਹਕਾਇਤਾਂ (Anecdotes) ਅਲਫ਼ ਲੈਲਾ ਸਿੰਘਾਸਨ ਬਤੀਸੀ ਆਦਿ ਵਧੇਰੇ ਕਥਾਵਾਂ ਇਸੇ ਪ੍ਰਕਾਰ (ਮਿੰਨੀ ਕਹਾਣੀ) ਦੀਆਂ ਹਨ। ਉਰਦੂ ਵਿਚ ਕ੍ਰਿਸ਼ਨ ਚੰਦਰ ਦੇ ਮਜ਼ਾਹੀਆਂ ਅਫਸਾਨੇ ਅਤੇ ਮੰਟੋ ਦੇ ਸਿਆਹ ਹਾਸ਼ੀਏ ਇਕ ਪ੍ਰਕਾਰ ਦੀਆਂ ਮਿੰਨੀ ਕਹਾਣੀਆਂ ਹੀ ਜਾਪਦੇ ਹਨ ਪਰੰਤੂ ਹੈ ਨਹੀਂ। ਪੁਰਾਤਨ ਜਨਮਸਾਖੀਆਂ, ਭਾਈ ਮਨੀ ਸਿੰਘ ਰਚਿਤ 'ਗਿਆਨ ਰਤਨਾਵਲੀ' ਅਤੇ 'ਭਗਤ ਰਤਨਾਵਲੀ' ਨੂੰ ਵੀ ਆਧੁਨਿਕ ਮਿੰਨੀ ਕਹਾਣੀ ਦਾ ਬੀਜ ਰੂਪ (Proto type) ਮੰਨਿਆ ਜਾ ਰਿਹਾ ਹੈ। ਸਾਖੀਆਂ ਆਕਾਰ ਪੱਖੋਂ ਕੁਝ ਵੱਡੀਆਂ ਹਨ ਅਤੇ ਕੁਝ ਛੋਟੀਆਂ, ਜੋ ਕਿ ਮਿੰਨੀ ਕਹਾਣੀ ਦੇ ਫਰੇਮ 'ਚ ਫਿੱਟ ਨਹੀਂ ਬੈਠਦੀਆਂ 'ਮਿੰਨੀ'-ਸ਼ਬਦ ਬਾਰੇ ਕਈ ਵਾਰ ਕਿੰਤੂ ਉੱਠਦਾ ਹੈ ਕਿ ਇਹ ਸ਼ਬਦ ਇਸ ਵਿਧਾ ਲਈ ਢੁੱਕਵਾਂ ਜਾਂ ਯੋਗ ਨਹੀਂ ਹੈ ਇਸਦੀ ਬਜਾਏ ਕੋਈ ਉਚਿੱਤ ਸ਼ਬਦ ਰੱਖਣਾ ਚਾਹੀਦਾ ਹੈ। ਮਿੰਨੀ ਕਹਾਣੀ ਦਾ ਪੰਜਾਬੀ ਸਮਾਨਾਰਥਕ ਸ਼ਬਦ ਨਿੱਕਾ, ਲਘੂ, ਛੋਟਾ, ਸੂਖ਼ਮ, ਬੌਨਾ ਆਦਿ ਹੈ। ਹਿੰਦੀ ਵਿਚ ਸਭ ਤੋਂ ਛੋਟੀ ਕਹਾਣੀ ਦੀਆਂ ਸ਼ਿਲਪ ਵਿਧੀਆਂ, ਭਾਸ਼ਾਈ ਜੁਗਤਾਂ, ਨਾਟਕੀ ਤੱਤਾਂ, ਪ੍ਰਤੀਕਾਂ, ਵਾਰਤਾਲਾਪੀ ਵਿਧੀਆਂ, ਗਲਪੀ ਬਿੰਬਾਂ ਅਤੇ ਹੋਰ ਸੰਚਾਰ ਪ੍ਰਬੰਧਾਂ ਉਪਰ ਅਸਰ ਪਾਉਂਦਾ ਹੈ। 'ਮਿੰਨੀ' ਸ਼ਬਦ ਵਿਚ ਹੀ ਇਸਦਾ ਸਮੁੱਚ ਸਮੋਇਆ ਹੋਇਆ ਹੈ। ਕੁਝ ਵਿਦਵਾਨ ਆਲੋਚਕਾਂ ਵਲੋਂ ਇਹ ਵੀ ਕਿੰਤੂ-ਪ੍ਰੰਤੂ ਕੀਤੇ ਜਾਂਦੇ ਹਨ ਕਿ ਇਹ ਅੰਗ੍ਰੇਜ਼ੀ ਸ਼ਬਦ “Mini” ਜਾਂ ‘Minim’

ਤੋਂ ਲਿਆ ਗਿਆ ਹੈ, ਜਦਕਿ ਇਸਦਾ ਕੋਈ ਢੁੱਕਵਾਂ ਤੇ ਉਚਿੱਤ ਪੰਜਾਬੀ ਸ਼ਬਦ ਲਿਆ ਜਾ ਸਕਦਾ ਸੀ। ਕੁਝ ਇਸਨੂੰ 'ਮਿੰਨੀ ਸ਼ਬਦ' ਤੋਂ ਨਿਕਲਿਆ ਦੱਸਦੇ ਹਨ, ਜਿਸਦਾ ਅਰਥ ਹੈ 'ਮੀਣਾਂ', 'ਮੀਸਣਾ ਆਦਿ। ਇਹ ਵੱਖ ਵੱਖ ਧਾਰਨਾਵਾਂ (Interpretations) ਹਨ। ਬੜੀ ਹੈਰਾਨੀ ਦੀ ਗੱਲ ਹੈ ਕਿ ਅਜੇ ਤੱਕ ਇਸਦੇ ਨਾਮ ਬਾਰੇ ਹੀ ਕਿੰਤੂ-ਪ੍ਰੰਤੂ ਉਠਾਏ ਜਾ ਰਹੇ ਹਨ ਜਦੋਂ ਕਿ ਇਸਨੂੰ ਸਥਾਪਤੀ ਵੱਲ ਹੰਭਲੇ ਮਾਰਨੇ ਚਾਹੀਦੇ ਹਨ। ਹਰੇਕ ਵਿਧਾ ਦੇ ਆਰੰਭਕ ਸਮੇਂ ਵਿਚ ਇਹੋ ਜਿਹੀ ਆਲੋਚਨਾ ਹੋਇਆ ਹੀ ਕਰਦੀ ਹੈ। ਜਦੋਂ ਵੀ ਕੋਈ ਚਾਰ ਖੜੇ ਬੰਦਿਆ ਤੋਂ ਬਾਅਦ ਪੰਜਵਾਂ ਆ ਕੇ ਉਨਾਂ ਵਿਚ ਰਲਦਾ ਹੈ ਤਾਂ ਕੁਝ ਦੇਰ ਉਹ ਓਪਰਾ-ਓਪਰਾ ਜਿਹਾ ਲਗਦਾ ਹੈ। ਭਾਵੇਂ ਕਿ ਮਗਰੋਂ ਉਹ ਵੀ ਆਪਣੀ ਗੱਲਬਾਤ ਰਾਹੀਂ ਉਨਾਂ ਵਿਚ ਹੀ ਰੱਚ-ਮਿੱਚ ਜਾਂਦਾ ਹੈ। ਇਹੀ ਹਾਲ ਨਵੀਂ ਵਿਧਾ ਜਾਂ ਰੂਪਾਕਾਰ (Form) ਦਾ ਹੁੰਦਾ ਹੈ। ਉਸਨੂੰ ਵੀ ਵਿਅੰਗ ਜਾਂ ਤਨਜ਼ ਦੇ ਬਾਣ ਸਹਿਣੇ ਪੈਂਦੇ ਹਨ। ਹੌਲੀ ਹੌਲੀ ਉਹ ਵੀ ਉਨ੍ਹਾਂ ਦਾ ਹੀ ਇਕ ਹਿੱਸਾ ਬਣਕੇ ਰਹਿ ਜਾਂਦੀ ਹੈ। ਅਤੇ ਸਾਰੇ ਉਸਨੂੰ ਕਬੂਲ (Recognise) ਕਰ ਲੈਂਦੇ ਹਨ ਪਰੰਤੂ ਮਾਨਤਾ ਮਿਲਣ ਵਿਚ ਉਸਨੂੰ ਸਮਾਂ ਜ਼ਰੂਰ ਲਗਦਾ ਹੈ। ਉਹ ਰਾਤੋ- ਰਾਤ ਸਥਾਪਤੀ ਦੀਆਂ ਸ਼ਿਖਰਾਂ ਤੇ ਨਹੀਂ ਪਹੁੰਚ ਸਕਦੀ। ਉਸਨੇ ਆਪਣੀ ਹੋਂਦ (Existence) ਬਨਾਉਣ ਵਿਚ ਕੁਝ ਸਮਾਂ ਲੈਣਾ ਹੀ ਹੁੰਦਾ ਹੈ।

ਮਿੰਨੀ ਕਹਾਣੀ ਦੀ ਸਥਾਪਤੀ ਲਈ, ਮਿੰਨੀ ਕਹਾਣੀ ਲੇਖਣ ਸਬੰਧੀ ਸਿਖਲਾਈ ਵਰਕਸ਼ਾਪਾਂ ਲਗਾਈਆਂ ਜਾਣੀਆਂ ਚਾਹੀਦੀਆਂ ਹਨ, ਤਾਕਿ ਨਵੇਂ ਲੇਖਕ ਇਸ ਸਾਹਿਤ ਰੂਪ, ਇਸ ਨਵੀਂ ਵਿਧਾ ਬਾਰੇ ਵਿਸ਼ਾ ਅਤੇ ਰੂਪਕ ਪੱਖ ਤੋਂ ਨਵੀਆਂ ਗੱਲਾਂ, ਨਵੇਂ ਝੁਕਾਅ (trends) ਗ੍ਰਹਿਣ ਕਰ ਸਕਣ। ਇਕ ਦੂਜੇ ਦੇ ਬਹੁਮੁੱਲੇ ਸੁਝਾਵਾਂ ਤੋਂ ਵੀ ਬਹੁਤ ਕੁਝ ਸਿਖਿਆ ਜਾ ਸਕਦਾ ਹੈ। ਕੁਝ ਇਕ ਉਦੱਮੀ ਲੇਖਕ, ਜਿਵੇਂ ਦੀਪਤੀ, ਧਰਮਪਾਲ ਸਾਹਿਲ, ਜਗਦੀਸ਼ ਆਰਮਾਨੀ, ਨਿਰੰਜਨ ਬੋਹਾ, ਬਲਬੀਰ ਪਰਵਾਨਾ, ਡਾ. ਜੋਗਿੰਦਰ ਨਿਰਾਲਾ, ਡਾ. ਕੋਮਲ, ਸੁਰਿੰਦਰ ਕੈਲੇ ਆਦਿ ਪਹਿਲਾਂ ਤੋਂ ਹੀ ਇਸ ਪਾਸੇ ਗੰਭੀਰਤਾ ਨਾਲ ਜੁੜੇ ਹੋਏ ਹਨ। ਇਕ ਦੂਜੇ ਤੋਂ ਬਹੁਤ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿਸ ਨਾਲ ਵਿਸ਼ਿਆਂ ਵਿਚ ਵੰਨ-ਸੁਵੰਨਤਾ ਆਉਂਦੀ ਹੈ। ਕਈ ਵਾਰੀ ਇੰਜ ਹੁੰਦਾ ਹੈ ਕਿ ਮਿੰਨੀ ਕਹਾਣੀ ਦੇ ਨਾਂ ਤੇ ਲੇਖਕ ਲਤੀਫ਼ੇ ਹੀ ਲਿਖੀ ਜਾ ਰਹੇ ਹੁੰਦੇ ਹਨ। ਇਨਾਂ ਵਿਚਾਰ ਵਟਾਂਦਰਿਆਂ ਦੇ ਰਾਹੀਂ ਇਸ ਵਿਧਾ ਅੰਦਰ ਗੰਭੀਰਤਾ ਲਿਆਉਣ ਸਬੰਧੀ ਸੋਚਣ ਤੇ ਮਜਬੂਰ ਕੀਤਾ ਜਾ ਸਕਦਾ ਹੈ। ਇਸ ਪੱਖੋਂ ਵਰਕਸ਼ਾਪਾਂ ਗੋਸ਼ਟੀਆਂ, ਪੋਸਟਰ-ਪ੍ਰਦਰਸ਼ਨੀਆਂ ਵੱਡਾ ਰੋਲ ਅਦਾ ਕਰਨ ਸਕਦੀਆਂ ਹਨ। ਇਹ ਚੰਗਾ ਸਾਹਿਤ ਅਤੇ ਚੰਗੇ

ਰਚਨਾਕਾਰ ਸਾਹਮਣੇ ਲਿਆ ਸਕਦੀਆਂ ਹਨ। ਇਸ ਮੁਕਾਮ ਤੇ ਮਿੰਨੀ ਕਹਾਣੀ ਲਈ ਦਰਪੇਸ਼ ਖ਼ਤਰੇ ਵੀ ਕਾਫੀ ਹਨ, ਜਿਨ੍ਹਾਂ ਤੋਂ ਬਚਾਅ ਕਰਨਾ ਲਾਜ਼ਮੀ ਹੈ, ਨਹੀਂ ਤੇ ਇਹ ਵਿਧਾ ਸਥਾਪਿਤ ਨਹੀਂ ਹੋ ਪਾਏਗੀ। ਹਰੇਕ ਨਵੀਂ ਚੀਜ਼ ਦੇ ਦੋਖੀ ਵੀ ਹੋਇਆ ਕਰਦੇ ਹਨ, ਉਹ ਪਹਿਲਾਂ ਤੋ ਹੀ ਇਸਦੇ ਵਿਰੁੱਧ ਝੰਡਾ ਚੁੱਕੀ ਫਿਰਦੇ ਹੁੰਦੇ ਹਨ। ਇਸ ਵਿਧਾ ਦੀਆਂ ਬਹੁਤ ਸੰਭਾਵਨਾਵਾਂ ਹਨ ਪਰ ਇਸ ਦੇ ਲੇਖਕਾਂ ਨੂੰ ਇਨ੍ਹਾਂ ਸੰਭਾਵੀ ਖ਼ਤਰਿਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਸੁਚੇਤ ਹੋ ਕੇ ਚਲਣ ਨਾਲ ਪੱਕੇ ਪੈਰੀਂ ਅਤੇ ਸਾਬਤ ਕਦਮੀਂ ਨਾਲ ਤੁਰਿਆ ਜਾ ਸਕਦਾ ਹੈ। ਫੇਰ ਇਸਦੀ ਸਥਾਪਤੀ ਜਾਂ ਸੰਭਾਵਨਾ ਤੇ ਕੋਈ ਸੰਦੇਹ ਜਾਂ ਕਿੰਤੂ ਨਹੀ ਹੋ ਸਕਦਾ। ਇਹ ਆਪਣਾ ਮੂੰਹ-ਮੁਹਾਂਦਰਾ ਬਣਾ ਹੀ ਲਵੇਗੀ। ਇਸਨੂੰ ਕਿਸੇ ਸਹਾਰੇ ਜਾਂ ਆਸਰੇ ਦੀ ਲੋੜ ਨਹੀਂ ਰਹੇਗੀ। ਇਹ ਨਿਸ਼ਚੇ ਹੀ ਆਪਣੇ ਪੈਰਾਂ ਤੇ ਖੱਲੋ ਜਾਵੇਗੀ। ਇਸ ਆਸ਼ੇ ਨੂੰ ਸਾਹਮਣੇ ਰਖ ਕੇ ਤੁਰਨਾ ਚਾਹੀਦਾ ਹੈ।

*****

## ਕੁਝ ਚੋਣਵੇਂ ਮਿੰਨੀਕਹਾਣੀਕਾਰ-

ਸਤਵੰਤ ਕੈਂਥ : ਸੰਗ੍ਰਹਿ : ("ਬਰਫੀ ਦਾ ਟੁੱਕੜਾ", "ਕੀੜੀਆਂ ਦਾ ਭੌਣ" "ਫੇਰ ਕੀ ਹੋਇਆ" "ਦਸ ਰੁਪਏ।")

ਵਾਰਤਾਲਾਪੀ ਵਿਧੀ ਨੂੰ ਅਪਨਾਉਂਦਾ ਮਿੰਨੀ ਕਹਾਣੀਕਾਰ ਹੈ। ਇਸਦਾ ਵਿਸ਼ਾ ਕੁੜੀਆਂ, ਔਰਤਾਂ, ਸੈਕਸ, ਮਹੁੱਬਤ, ਬੇਵਫਾਈ ਨਾਲ ਹੈ। ਸ਼ੈਲੀ-ਪਰਪੱਕ ਅਤੇ ਕਲਾਤਮਕ। ਸ਼ਬਦਾਬਲੀ-ਚੋਣਵੀਂ, ਚੁਣ ਚੁਣ ਕੇ ਸ਼ਬਦਾਂ ਦਾ ਪ੍ਰਯੋਗ, ਢੁੱਕਵੇ ਸ਼ਬਦ ਅਤੇ ਮੁਹਾਵਰੇ। ਜ਼ਿਆਦਾ ਗਿਣਾਤਮਕਤਾ ਤੇ ਜ਼ੋਰ, ਗੁਣਾਤਮਕਤਾ ਨਾਲੋਂ। ਵਿਸ਼ੇ ਪੱਖੋਂ ਉਹ ਲਕੀਰ ਦਾ ਫਕੀਰ, ਇਕੋ ਟਰੈਕ ਤੇ ਤੁਰਿਆ ਜਾ ਰਿਹੈ। ਮਿੰਨੀ ਕਹਾਣੀ ਵਿਚ ਪਹਿਲ ਉਸਦੇ ਸੰਗ੍ਰਹਿ "ਬਰਫੀ ਦੇ ਟੁੱਕੜਾ" ਨਾਲ ਹੀ ਮੰਨੀ ਜਾ ਸਕਦੀ ਹੈ। ਨਾਮਕਰਣ ਉਹ ਕਰ ਗਿਆ ਹੈ। ਭਾਵੇਂ ਉਸ ਤੋਂ ਪਹਿਲਾਂ ਦਾ ਇਹ ਰੂਪ ਪ੍ਰਚਲਿਤ ਸੀ ਪਰ ਆਪਣੀ ਕਿਤਾਬ ਉੱਤੇ ਇਸ ਵਿਧਾ ਦਾ ਕੋਈ ਵੀ ਲੇਖਕ ਨਾਮ ਨਹੀਂ ਸੀ ਦੇ ਸਕਿਆ। ਪਹਿਲ ਉਹ ਕਰ ਗਿਆ। ਇਹ ਗੱਲ ਮੰਨਣ ਤੋਂ ਇਨਕਾਰੀ ਨਹੀ ਹੋਣਾ ਚਾਹੀਦਾ ਕਿ ਸਤਵੰਤ ਨੇ ਇਸ ਵਿਧਾ ਨੂੰ ਨਾਮ ਦਿਤਾ ਹੈ ਅਤੇ ਉਹ ਵੀ ਮੌਲਿਕ ਸੰਗ੍ਰਹਿ ਦੇ ਰੂਪ ਵਿਚ। ਉਸ ਸੰਗ੍ਰਹਿ ਵਿਚ ਕਿੰਨੀਆਂ ਖ਼ਾਮੀਆਂ ਹਨ, ਕਿੰਨੀਆਂ ਕਚਿਆਈਆਂ ਹਨ, ਇਹ ਗੱਲ ਦੂਜੀ ਹੈ। ਉਸਨੇ ਨੀਂਹਪੱਥਰ ਰੱਖ ਦਿੱਤਾ -, ਨਾਮ ਦੇ ਦਿਤਾ। ਜਿਸਤੇ ਅੱਜ ਦੇ ਮਿੰਨੀ ਕਹਾਣੀਕਾਰ ਮੰਮਟੀਆਂ ਪਾ ਰਹੇ ਹਨ।

ਜਗਦੀਸ਼ ਅਰਮਾਨੀ : ("ਧੂੰਆਂ ਤੇ ਬੱਦਲ", "ਕੂੜ ਫਿਰੈ ਪ੍ਰਧਾਨ", "ਇੱਕੀਵੀਂ ਸਦੀ"।)

'ਧੂੰਆਂ ਤੇ ਬੱਦਲ' ਵਿਚ ਨਿੱਕੀਆਂ ਕਹਾਣੀਆਂ ਅਤੇ ਮਿੰਨੀ ਕਹਾਣੀਆਂ ਸ਼ਾਮਿਲ ਹਨ। ਇਸਨੂੰ ਨਿਰੋਲ ਮਿੰਨੀ ਕਹਾਣੀ ਸੰਗ੍ਰਹਿ ਨਹੀਂ ਕਿਹਾ ਜਾ ਸਕਦਾ। ਅਰਮਾਨੀ ਮਿੰਨੀ ਕਹਾਣੀ ਦਾ ਪ੍ਰੌੜ ਹਸਤਾਖ਼ਰ ਹੈ। ਪਰਪੱਕਤਾ ਅਤੇ ਗੰਭੀਰਤਾ ਉਸ ਦੀਆਂ ਮਿੰਨੀ ਕਹਾਣੀਆਂ ਵਿਚੋਂ ਸਾਫ ਦਿਖਾਈ ਦਿੰਦੀ ਹੈ। ਉਹ ਮਿੰਨੀ ਕਹਾਣੀਕਾਰਾਂ ਦੀ ਪਹਿਲੀ ਪਾਲ ਵਿਚ ਸ਼ਾਮਿਲ ਹੈ। ਉਸਨੇ ਨਿਰੋਲ ਮਿੰਨੀ ਕਹਾਣੀ ਦੇ ਪਰਚੇ 'ਖ਼ੁਸ਼ਬੂ' ਰਾਹੀਂ ਵੀ ਇਸ ਵਿਧਾ ਲਈ ਖ਼ਾਸਾ

ਨਾਮਣਾ ਖੱਟਿਆ ਹੈ। ਉਸ ਦੀਆਂ ਕਹਾਣੀਆਂ ਵਿਚ ਵਿਸ਼ਾ ਪੱਖ ਅਤੇ ਕਲਾ ਪੱਖ ਦੋਨੋਂ ਹੀ ਬੜੇ ਬਲਵਾਨ ਹੁੰਦੇ ਹਨ। ਉਸ ਦੀਆਂ ਕੁਝ ਇਕ ਮਿੰਨੀ ਕਹਾਣੀਆਂ ਨੂੰ ਬਤੌਰ ਮਾਡਲ ਰੱਖਿਆ ਜਾ ਸਕਦਾ ਹੈ।

ਅਮਰ ਕੋਮਲ : ('ਚਿਣਗਾਂ','ਵੇਦਨ ਕਹੀਏ ਕਿਸ','ਅਸੀਂ-ਤੁਸੀਂ', 'ਦਿਨ ਪ੍ਰਤਿ ਦਿਨ)

ਅਮਰ ਕੋਮਲ ਪਾਤਰ ਦੇ ਧੁਰ ਅੰਦਰ ਉਤਰ ਜਾਂਦਾ ਹੈ ਅਤੇ ਉਸਦੀ ਮਾਨਸਿਕਤਾ ਨੂੰ ਸ਼ਿੱਦਤ ਨਾਲ ਪੇਸ਼ ਕਰਦਾ ਹੈ। ਨਿੱਕੀ ਕਹਾਣੀ ਦਾ ਉਹ ਉਸਤਾਦ ਹੈ। ਉਹ ਕਈ ਵਾਰ ਮਿੰਨੀ ਕਹਾਣੀ ਵਿਚ ਨਿੱਕੀ ਕਹਾਣੀ ਦਾ ਵਿਸ਼ਾ ਸਮੋਣ ਦੀ ਕੋਸ਼ਿਸ਼ ਕਰਦਾ ਹੈ ਅਤੇ ਅਸਫਲ ਰਹਿੰਦਾ ਹੈ। ਪਲਾਟ ਦਾ ਧਿਆਨ ਨਾ ਰੱਖਦਾ ਹੋਇਆ, ਕਈ ਵਾਰ ਉਹ ਸ਼ਬਦਾਂ ਦੀ ਖੁੱਲ੍ਹ ਲੈ ਜਾਂਦਾ ਹੈ। ਉਹ ਨਾ ਮਿੰਨੀ ਕਹਾਣੀ ਲਗਦੀ ਹੈ ਅਤੇ ਨਾ ਹੀ ਨਿੱਕੀ ਕਹਾਣੀ। 'ਚਿਣਗਾਂ' ਸੰਗ੍ਰਹਿ ਨੂੰ ਨਿਰੋਲ ਮਿੰਨੀ ਕਹਾਣੀ ਸੰਗ੍ਰਹਿ ਕਹਿਣਾ ਵਾਜਿਬ ਨਹੀਂ, ਕਿਉਕਿ ਉਸਨੇ ਇਸ ਵਿਚ ਨਿੱਕੀਆਂ ਕਹਾਣੀਆਂ ਵੀ ਸ਼ਾਮਿਲ ਕੀਤੀਆਂ ਹਨ। ਉਹ ਮਿੰਨੀ ਕਹਾਣੀ ਦਾ ਸਫ਼ਲ ਆਲੋਚਕ ਜ਼ਰੂਰ ਕਿਹਾ ਜਾ ਸਕਦਾ ਹੈ, ਕਿਉਂਕਿ ਉਸਨੇ ਇਸ ਨਵੀਂ ਵਿਧਾ ਉੱਤੇ ਆਲੋਚਨਾ ਕਰਨ ਦਾ ਹੰਭਲਾ ਮਾਰਿਆ ਹੈ। ਉਹ ਇਸ ਵਿਧਾ ਨੂੰ ਉਤਸ਼ਾਹਤ ਕਰਨ ਲਈ ਹਰ ਯਤਨ ਕਰਦਾ ਹੈ। ਅਤੇ 'ਕਿਰਨ' ਪਰਚੇ ਵਿਚ ਇਸਨੂੰ ਯਥਾਯੋਗ ਸਥਾਨ ਵੀ ਬਖਸ਼ ਰਿਹਾ ਹੈ। ਇਹ ਉਸਦਾ ਇਸ ਸਿਨਫ਼ ਪ੍ਰਤੀ ਹਾਂ - ਪੱਖੀ ਹੁੰਗਾਰਾ ਹੈ।

ਭੁਪਿੰਦਰ ਸਿੰਘ (ਆਈ.ਏ.ਐਸ.) : ('ਸੌ ਪੁੱਤ ਮਛਲੀ ਦੇ')

ਪੰਜਾਬ ਸਰਕਾਰ ਦਾ ਪ੍ਰਸ਼ਾਸਕੀ ਅਫਸਰ ਰਿਹਾ ਹੈ। ਉਹ ਮਿੰਨੀ ਕਹਾਣੀ ਵਿਚ ਸ਼ਬਦਾਂ ਨਾਲ ਖੇਡਦਾ ਹੈ। ਸ਼ਬਦਾਵਲੀ ਕਮਾਲ ਦੀ ਹੈ। ਵਿਸ਼ਿਆਂ ਵਿਚ ਵੰਨ-ਸੁਵੰਨਤਾ, ਵਿਵਿਧਤਾ ਹੈ। ਮਿੰਨੀ ਕਹਾਣੀ ਨੂੰ ਬਹੁਤੀ ਵਾਰ ਲਤੀਫ਼ੇ ਵਾਂਗ ਲੈਂਦਾ ਹੈ। ਉਸਦੀ ਮਿੰਨੀ ਕਹਾਣੀ 'ਚ ਪਾਠਕ ਨੂੰ ਬਹੁਤੀ ਗਹਿਰ-ਗੰਭੀਰਤਾ ਦੇ ਦਰਸ਼ਨ ਨਹੀਂ ਹੁੰਦੇ। ਕਿਤੇ ਕਿਤੇ ਉਹ ਅਸਪਸ਼ਟ ਵੀ ਹੁੰਦਾ ਹੈ। ਪਰੰਤੂ ਉਹ ਆਪਣੀ ਗੱਲ ਜੋ ਕਹਿਣਾ ਚਾਹੁੰਦਾ ਹੈ, ਕਹਿ ਦਿੰਦਾ ਹੈ। ਅਜਕਲ ਉਹ ਮਿੰਨੀ ਕਹਾਣੀ ਵਲੋਂ ਬਿਲਕੁਲ ਅਵੇਸਲਾ ਹੈ, ਪਤਾ ਨਹੀਂ ਕਿਉਂ ? ਵੈਸੇ ਉਹ

ਨਿੱਕੀ ਕਹਾਣੀ, ਨਾਵਲ, ਰੇਖਾ-ਚਿੱਤਰ ਆਦਿ ਲਿਖੀ ਜਾ ਰਿਹਾ ਹੈ ਪਰ ਮਿੰਨੀ ਕਹਾਣੀ ਨਹੀਂ। ਨਿਰਸੰਦੇਹ, ਉਸਨੇ ਕੁਝ ਵਧੀਆ ਕਹਾਣੀਆਂ ਇਸ ਵਿਧਾ ਨੂੰ ਪ੍ਰਦਾਨ ਕੀਤੀਆਂ ਹਨ।

ਦਲੀਪ ਸਿੰਘ ਭੁਪਾਲ : ("ਗ੍ਰਹਿਣੇ ਸੂਰਜ")

ਕੇਵਲ ਅਠਾਰਾਂ ਮਿੰਨੀ ਕਹਾਣੀਆਂ ਦਾ ਸੰਗ੍ਰਹਿ ਹੈ। ਦਲੀਪ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਵਿਭਿੰਨ ਵਿਸ਼ਿਆਂ ਨੂੰ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਉਹ ਕਹਾਣੀ ਵਿਚ ਸੁਝਾਅ ਅੰਸ਼ ਨਹੀਂ ਰਹਿਣ ਦਿੰਦਾ, ਜਿਸ ਕਰਕੇ ਪ੍ਰਭਾਵ ਜਾਂ ਅਸਰ ਘੱਟ ਹੋ ਜਾਂਦਾ ਹੈ। ਉਸਦਾ ਸੰਗ੍ਰਹਿ ਮੁੱਢਲੇ ਦੌਰ ਦਾ ਹੈ। ਇਸ ਲਈ ਉਸ ਵਿਚ ਕੁਝ ਖ਼ਾਮੀਆਂ ਜ਼ਰੂਰ ਰਹਿ ਗਈਆਂ ਹਨ। ਪਰ ਇਸ ਨਾਲ ਮਿੰਨੀ ਕਹਾਣੀ ਨੂੰ ਬਲ ਜ਼ਰੂਰ ਮਿਲਿਆ ਹੈ। ਉਹ ਵਿਕਾਸ ਦੇ ਰਾਹਾਂ ਤੇ ਤੁਰੀ ਹੈ। ਉਸਦਾ ਨਾ ਅਰੰਭਲੇ ਮਿੰਨੀ ਕਹਾਣੀਕਾਰਾਂ ਵਿਚ ਸ਼ਾਮਲ ਹੈ। ਅਜਕਲ ਉਸਦੀ ਕੋਈ ਮਿੰਨੀ ਕਹਾਣੀ ਘੱਟ ਹੀ ਪੜ੍ਹਨ ਨੂੰ ਮਿਲਦੀ ਹੈ।

ਸੁਲੱਖਣ ਮੀਤ : ("ਸੁਲਗਦੀ ਬਰਫ" "ਬੰਦ ਪਟਾਰੀ" "ਬਾਹਾਂ ਉੱਤੇ ਖੁਣੇ ਨਾਂ")

'ਸੁਲਗਦੀ ਬਰਫ਼' 92 ਮਿੰਨੀ ਕਹਾਣੀਆਂ ਦਾ ਸੰਗ੍ਰਹਿ ਹੈ। ਕਲਾਤਮਕਤਾ ਦੀ ਘਾਟ ਹੈ। ਗਿਣਤੀ ਵਧੇਰੇ। ਬਹੁਤੀਆਂ ਘਟਨਾ-ਪ੍ਰਧਾਨ ਕਹਾਣੀਆਂ। ਮੀਤ ਨੇ ਕਈ ਵਿਧਾਵਾਂ ਜਿਵੇਂ ਗ਼ਜ਼ਲ, ਨਜ਼ਮ, ਨਿੱਕੀ ਕਹਾਣੀ ਆਦਿ ਵਿਚ ਹੱਥ ਅਜ਼ਮਾਇਆ ਹੈ ਪਰ ਉਸਦੀ ਪਛਾਣ ਮਿੰਨੀ ਕਹਾਣੀ ਵਿਚ ਹੀ ਆਕੇ ਹੋਈ ਹੈ। ਉਹ ਥੋੜਾ ਜਿਹਾ ਕਲਾ ਪੱਖ ਵੱਲ ਧਿਆਨ ਦੇਵੇ ਤਾਂ ਵਧੀਆ ਮਿੰਨੀ ਕਹਾਣੀ ਦੀ ਸਿਰਜਣਾ ਕਰ ਸਕਦਾ ਹੈ। ਉਹ ਹੰਢਿਆ ਹੋਇਆ ਅਤੇ ਤਜਰਬੇਕਾਰ ਕਹਾਣੀਕਾਰ ਹੈ, ਕੋਈ ਨਵਾਂ ਪੁੰਗਰਦਾ ਹੋਇਆ ਲੇਖਕ ਨਹੀਂ। ਉਸ ਦੀਆਂ ਮਿੰਨੀ ਕਹਾਣੀਆਂ ਹੈ, ਕੋਈ ਨਵਾਂ ਪੁੰਗਰਦਾ ਹੋਇਆ ਲੇਖਕ ਨਹੀਂ। ਉਸ ਦੀਆਂ ਮਿੰਨੀ ਕਹਾਣੀਆਂ ਵਿਚ ਡੂੰਘੇ ਅਰਥ ਸੰਚਾਰ ਕਰਨ ਦੀ ਸਮੱਰਥਾ ਜਾਂ ਸ਼ਕਤੀ ਹੈ। ਉਹ ਸਮੇਂ ਦਾ ਸੱਚ ਕਹੀਆਂ ਜਾ ਸਕਦੀ ਹਨ। ਆਤਮ-ਅਨੁਭਵ ਵਿਚੋਂ ਨਿਕਲੀਆਂ ਹੋਈਆਂ ਜਾਪਦੀਆਂ ਹਨ ਅਤੇ ਗਲਪੀ ਯਥਾਰਥ ਦਾ ਇਕ ਨਮੂਨਾ ਹੋ ਨਿਬੜਦੀਆਂ ਹਨ। ਬਹੁਤੀ ਵਾਰ ਉਹ ਆਪ ਵੀ ਉਲਝ ਜਾਂਦਾ ਹੈ ਤੇ ਪਾਠਕ ਦੇ ਪਿੜ ਪੱਲੇ ਵੀ ਕੁਝ ਨਹੀਂ ਪੈਂਦਾ, ਕਿਉਂਕਿ ਪਹਿਲਾਂ ਲੇਖਕ ਦਾ

ਸਪੱਸ਼ਟ ਹੋਣਾ ਜ਼ਰੂਰੀ ਹੈ ਕਿ ਉਹ ਕੀ ਸੰਦੇਸ਼ ਦੇਣਾ ਚਾਹੁੰਦਾ ਹੈ। ਉਹ ਸਾਡੇ ਪ੍ਰੌੜ ਮਿੰਨੀ ਕਹਾਣੀਕਾਰਾਂ ਵਿਚੋਂ ਇਕ ਹੈ।

'ਸ਼ਰਨ ਮੱਕੜ : ("ਖੁੰਡੀ ਧਾਰ")

ਇਸ ਲੇਖਿਕਾ ਦੀਆਂ ਮਿੰਨੀ ਕਹਾਣੀਆਂ ਵਧੇਰੇ ਕਰਕੇ ਪ੍ਰਤੀਕਾਤਮਕ ਸ਼ੈਲੀ ਦੀਆਂ ਹਨ। ਜੋ ਕਿ ਜਾਨਵਰਾਂ, ਪਸ਼ੂ-ਪੰਛੀਆਂ, ਮਿਥਿਹਾਸਕ ਤੇ ਇਤਿਹਾਸਕ ਕਥਾਵਾਂ ਦੇ ਪ੍ਰਤੀਕਾਂ ਰਾਹੀਂ ਪੇਸ਼ ਕੀਤੀਆਂ ਗਈਆਂ ਹਨ। ਉਹ ਕਵਿਤਾ ਤੇ ਨਿੱਕੀ ਕਹਾਣੀ ਵੀ ਰਚਦੀ ਹੈ। ਪ੍ਰੌੜ ਹਸਤਾਖ਼ਰ ਹੋਣ ਦੇ ਨਾਤੇ ਉਸਨੇ ਮਿੰਨੀ ਕਹਾਣੀ ਨੂੰ ਵਿਸ਼ੇਸ ਯੋਗਦਾਨ ਦਿੱਤਾ ਹੈ।

ਰੌਸ਼ਨ ਫੂਲਵੀ : ("ਜ਼ਿੰਦਗੀ ਦੀਆਂ ਨਵੀਆਂ ਸੁਰਾਂ")

ਮਿੰਨੀ ਕਹਾਣੀ ਦਾ ਸਭ ਤੋਂ ਬਜ਼ੁਰਗਵਰ ਕਥਾਕਾਰ। ਸੁਹਿਰਦ ਮਨੁੱਖ ਅਤੇ ਇਨਸਾਨੀਅਤ ਦਾ ਮੁਦੱਈ, ਇਹ ਲੇਖਕ ਆਪਣੇ ਹੀ ਨਿਵੇਕਲੇ ਢੰਗ ਨਾਲ ਮਿੰਨੀ ਕਹਾਣੀ ਕਹਿੰਦਾ ਹੈ, ਜੋ ਸਰਲ ਹੁੰਦੀ ਹੋਈ ਵੀ ਵਿਚਾਰ ਨਾਲ ਭਰਪੂਰ ਹੋਵੇ। ਇਸਤਰੀ ਦਾ ਪੂਰੀ ਤਰ੍ਹਾਂ ਹਿਮਾਇਤੀ, ਤਕਰੀਬਨ ਹਰੇਕ ਰਚਨਾ ਵਿਚ ਉਸਦੀ ਵਕਾਲਤ ਕਰੇ। 'ਮਿੰਨੀ ਕਹਾਣੀ ਮੰਚ' ਸਥਾਪਿਤ ਕਰਨ ਵਿਚ ਉਸਦਾ ਵੱਡਾ ਯੋਗਦਾਨ ਹੈ।

ਦਰਸ਼ਨ ਮਿਤਵਾ : ('ਸੰਵਿਧਾਨ ਰੋਂਦਾ ਰਿਹਾ')

ਅੱਠਾਈ ਮਿੰਨੀ ਕਹਾਣੀਆਂ ਦਾ ਸੰਗ੍ਰਹਿ। ਮਨੋਵਿਸ਼ਲੇਸ਼ਣ ਕਰਨ ਵਿਚ ਮਾਹਿਰ। ਛਿਣਾਂ ਦੀ ਪਕੜ ਕਰਨ ਵਿਚ ਉਸਦੀ ਕਲਾਤਮਕਤਾ ਤੇ ਸੂਖਮਤਾ ਝਲਕਦੀ ਦਿਸਦੀ ਹੈ। ਤਿੱਖਾ ਵਿਅੰਗ ਕਰਦਾ ਹੈ। ਉਸਨੇ ਖੂਬਸੂਰਤ ਨਿੱਕੀਆਂ-ਕਹਾਣੀਆਂ ਵੀ ਲਿਖੀਆਂ ਹਨ। ਮਿੰਨੀ ਕਹਾਣੀ ਨੂੰ ਸਹੀ ਸੇਧ ਦੇਣ ਵਾਲਿਆਂ ਵਿਚ ਮਿਤਵਾ ਦਾ ਨਾਂ ਅਗਰਗਾਮੀ ਹੈ।

ਮੋਹਨ ਸ਼ਰਮਾ : ('ਪੂਜਾ, ਸੁਪਨਿਆਂ ਦੇ ਖੰਡਰ')

ਪਹਿਲਾਂ ਕਵਿਤਾ ਤੇ ਹੱਥ ਅਜ਼ਮਾਇਆ। ਅਜਕਲ ਮਿੰਨੀ ਕਹਾਣੀ ਨੂੰ ਅਗਾਂਹ ਵਧਾ ਰਿਹਾ ਹੈ। ਉਹ ਕਹਾਣੀ ਬੜੇ ਸਰਲ ਤੇ ਸਾਦਾ ਢੰਗ ਨਾਲ ਕਹਿੰਦਾ ਹੈ। ਕੋਈ ਵਲ ਨਹੀਂ, ਕੋਈ ਘੁੰਡਾ ਨਹੀਂ। ਸਾਧਾਰਣ ਪਾਠਕ ਨੂੰ ਸਿੱਧੇ ਰੂਪ ਵਿਚ ਅਪੀਲ ਕਰਦੀ ਹੈ, ਇਸੇ ਲਈ ਉਹ ਹਰਮਨ-ਪਿਆਰਾ ਲੇਖਕ ਹੈ। ਉਹ ਪਾਠਕ ਨੂੰ ਘਰ ਤੱਕ ਪਹੁੰਚਾ ਕੇ ਆਉਦਾ ਹੈ। ਉਸਨੇ ਕੁਝ ਇਕ ਅਤਿ-ਸਫ਼ਲ ਮਿੰਨੀ ਕਹਾਣੀਆਂ ਪਾਠਕਾਂ ਨੂੰ ਦਿੱਤੀਆਂ ਹਨ। ਉਹ ਮਿੰਨੀ ਕਥਾਕਾਰਾਂ ਦੀ ਪਹਿਲੀ ਕਤਾਰ ਵਿਚ ਆਉਂਦਾ ਹੈ।

ਕਰਮਵੀਰ ਸਿੰਘ : ('ਨਿੱਕੀਆਂ ਗੱਲਾਂ-ਵੱਡੀਆਂ ਗੱਲਾਂ', 'ਮਾਇਆ-ਜਾਲ')

ਵੱਖ ਵੱਖ ਵਿਦਵਾਨ/ਆਲੋਚਕ ਉਸਦੀ ਕਹਾਣੀ ਕਲਾ ਬਾਰੇ ਇਹ ਵਿਚਾਰ ਰੱਖਦੇ ਹਨ: "ਉਸਦੀਆਂ ਕਥਾ-ਕਤਰਨਾਂ ਪਰਸਥਿਤੀ ਨੂੰ ਕੇਂਦਰ 'ਚ ਟਿਕਾਅ ਕੇ ਆਪਣੀ ਗੱਲ ਆਖਦੀਆਂ ਨੇ।"- (ਪ੍ਰੋ. ਸੋਜ਼) "ਉਸ ਦੀਆਂ ਕਹਾਣੀਆਂ ਦੀ ਰਚਨਾ ਵਿਧੀ ਵਿਚ ਲੋੜ ਅਨੁਸਾਰ ਨਾਟਕੀ ਵਿਧੀ ਵੀ ਵਰਤੀ ਮਿਲਦੀ ਹੈ। ਮੋਵਿਗਿਆਨਕ ਵਿਸ਼ਲੇਸ਼ਣ ਅਤੇ ਵਰਣਨ ਵੀ ਹੈ। ਉਸਦਾ ਵਿਸ਼ੇਗਤ ਅਨੁਭਵ ਬਹੁ-ਦਿਸ਼ਾਵੀ ਹੈ। ਉਸਦੀ ਕੋਈ ਵੀ ਮਿੰਨੀ ਕਹਾਣੀ ਨਾ ਤਾਂ ਚੁਟਕਲਾ ਬਣਕੇ ਮੁੱਕਦੀ ਹੈ ਅਤੇ ਨਾ ਹੀ ਬੁਝਾਰਤ ਬਣ ਕੇ ਖਤਮ ਹੋ ਜਾਂਦੀ ਹੈ।" (ਡਾ. ਈਸ਼ਰ ਸਿੰਘ ਤਾਂਘ) "ਉਹ ਡੂੰਘ ਤੇ ਨੀਝਭਰੀ ਤੱਕਣੀ ਦਾ ਸੁਆਮੀ ਹੈ, ਜਿਸ ਨੇ ਆਪਣੇ ਜੀਵਨ ਦੇ ਅਨੁਭਵਾਂ ਨੂੰ ਸਾਕਾਰ ਕਰਨ ਦਾ ਉਪਰਾਲਾ ਕਰਦਿਆਂ ਆਸ ਪਾਸ ਵਾਪਰ ਰਹੀਆਂ ਘਟਨਾਵਾਂ/ਦੁਰਘਟਨਾਵਾਂ ਨੂੰ ਨਿਵੇਕਲੀ ਦ੍ਰਿਸ਼ਟੀ ਨਾਲ ਦੇਖਦਿਆਂ ਆਪਣੇ ਨਜ਼ਰੀਏ ਤੋਂ ਪੇਸ਼ ਕੀਤਾ ਹੈ।" (ਡਾ. ਗੁਰਮੁਖ ਸਿੰਘ) " ਮਿੰਨੀ ਕਹਾਣੀ ਲੇਖਕਾਂ ਦੇ ਮੋਢੀਆਂ 'ਚੋਂ ਕਰਮਵੀਰ ਸਿੰਘ ਦਾ ਨਾਂ ਲਿਆ ਜਾ ਸਕਦਾ ਹੈ। ਉਸ ਦੀਆਂ ਰਚਨਾਵਾਂ ਆਪਣੀ ਸ਼ੈਲੀ ਪੱਖੋਂ ਵੀ ਨਿਵੇਕਲੀਆਂ ਹਨ। ਉਸਨੇ ਆਪਣੀ ਵਾਰਤਕ ਨਾਲ ਆਪਣੀ ਵੱਖਰੀ ਪਛਾਣ ਬਣਾਈ ਹੈ।' (ਡਾ.ਦੀਪਤੀ) "....... ਉਹ ਇਕ ਸਮੱਰਥ ਕਥਾਕਾਰ ਹੈ।" (ਸੁਖਮਿੰਦਰ ਸੇਖੋਂ)। ਮਿੰਨੀ ਰਚਨਾਵਾਂ ਦੇ ਪਰਚੇ 'ਗੁੰਚਾ' ਦਾ ਉਹ ਆਨਰੇਰੀ-ਸੰਪਾਦਕ ਹੈ।

### ਆਰ.ਐਸ. ਆਜ਼ਾਦ : ('ਸੋਚਾਂ ਦਾ ਸਾਗਰ, ਸੁਪਨਿਆਂ ਦਾ ਸੱਚ')

ਉਹ ਇਕ ਵੱਡੀ ਉਮਰ ਦਾ ਪ੍ਰੌੜ ਸਾਹਿਤਕਾਰ ਹੈ। ਕਿੰਤੂ ਉਸ ਦੀਆਂ ਰਚਨਾਵਾਂ ਵਿਚ ਪਰਪੱਕਤਾ ਦੇ ਦਰਸ਼ਨ ਹੁੰਦੇ ਤਾਂ ਹਨ ਪਰ ਕਿਤੇ ਕਿਤੇ। 'ਸੋਚਾਂ ਦਾ ਸਾਗਰ' ਤੇ 'ਸੁਪਨਿਆਂ ਦਾ ਸੱਚ' ਵਿਚਲੀਆਂ ਮਿੰਨੀ ਕਹਾਣੀਆਂ ਕਲਾ ਪੱਖੋਂ ਕਮਜ਼ੋਰ ਕਹਾਣੀਆਂ ਹਨ। ਹਰ ਗੱਲ ਹਰ ਵਾਕ, ਮਿੰਨੀ ਕਹਾਣੀ ਨਹੀਂ ਬਣ ਸਕਦੀ, ਜਿਸਦੀ ਕੋਸ਼ਿਸ਼ ਇਸ ਸੰਗ੍ਰਹਿ ਵਿਚ ਹੈ। ਇੰਜ ਵੀ ਲਗਦਾ ਹੈ ਕਿ ਉਸਨੇ ਜਿਹੜੀ ਵੀ ਰਚਨਾ ਰਚੀ ਉਸਨੂੰ ਆਪਣੇ ਮਿੰਨੀ ਕਹਾਣੀ ਸੰਗ੍ਰਹਿ ਦਾ ਸ਼ਿੰਗਾਰ ਬਣਾ ਲਿਆ। ਜਦ ਕਿ, ਛਪਣ ਲਗਿਆਂ ਬਹੁਤ ਕੁਝ ਹਲਕਾ ਹੋਣ ਕਰਕੇ ਛੱਡਣਾ ਵੀ ਪੈਂਦਾ ਹੈ। ਮਿੰਨੀ ਕਹਾਣੀ ਨੂੰ ਉਸਦੀ ਕਹਾਣੀ ਨੇ ਕੁਝ ਨਾ ਕੁਝ ਤਾਂ ਦਿੱਤਾ ਹੀ ਹੈ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

### ਸ਼ਿਆਸ ਸੁੰਦਰ ਦੀਪਤੀ : ('ਬੇੜੀਆਂ')

'ਮਿੰਨੀ ਨਾਂ ਦੇ ਪਰਚੇ ਦਾ ਸੰਪਾਦਕ। ਗਹਿਰ-ਗੰਭੀਰ, ਪ੍ਰਤਿਭਾਵਾਨ, ਸੋਚਵਾਨ ਮਿੰਨੀ ਕਹਾਣੀਕਾਰ। ਇਸ ਵਿਚ ਨਵੇਂ ਰੂਪ ਲਈ ਪੂਰੀ ਤਰ੍ਹਾਂ ਆਸਵੰਦ ਅਤੇ ਰੌਸ਼ਨ ਭਵਿੱਖ ਦੀ ਕਾਮਨਾ ਕਰਨ ਵਾਲਾ ਪਰ ਉਸਦਾ ਇਹ ਵਿਸ਼ਵਾਸ ਨਿਰਾ ਅੰਨ੍ਹਾ-ਵਿਸ਼ਵਾਸ ਹੀ ਨਹੀਂ ਕਿ ਤਾਰੀਫ਼ਾਂ ਦੇ ਪੁਲ ਹੀ ਬੰਨ੍ਹੀ ਜਾਵੇ। ਨਾਲ ਹੀ ਨਵੇਂ ਪੁੰਗਰਦੇ ਲੇਖਕਾਂ ਨੂੰ ਸੁਚੇਤ ਵੀ ਕਰਦਾ ਰਹੇ ਤੇ ਇਸ ਵਿਧਾ ਨੂੰ ਦਰਪੇਸ਼ ਖਤਰਿਆਂ ਦਾ ਸਾਹਮਣਾ ਕਰਨ ਲਈ ਪ੍ਰੇਰਦਾ ਵੀ ਰਹੇ। ਇਕ ਮਿਸ਼ਨ ਲੈ ਕੇ ਤੁਰਿਆ ਹੈ। ਸਿਰੜ੍ਹੀ, ਮਿਹਨਤੀ ਤੇ ਲਗਨ ਵਾਲਾ ਕਥਾਕਾਰ। ਉਸ ਦੀਆਂ ਬਹੁਤੀਆਂ ਕਹਾਣੀਆਂ ਬੱਚੇ ਦੀ ਮਾਨਸਿਕਤਾ ਦੁਆਲੇ ਘੁੰਮਦੀਆਂ ਤੇ ਇਵੇਂ ਜਾਪੇ ਜਿਵੇਂ ਉਸ ਦੀਆਂ ਮਿੰਨੀ ਕਹਾਣੀਆਂ ਬੱਚੇ ਤੋਂ ਡਰਦੀਆਂ ਹੋਣ। ਬੱਚੇ ਦੁਆਰਾ ਪੁੱਛੇ ਜਾਂਦੇ ਸੁਆਲ ਉਸਨੂੰ ਡਰਾ ਦੇਣ, ਕੰਬਾ ਦੇਣ ਅਤੇ ਉਹ ਕਹਾਣੀ ਦੀ ਰਚਨਾਵਾਂ ਦੇ ਪਰਚੇ 'ਗੁੰਚਾ' ਦਾ ਉਹ ਆਨਰੇਰੀ-ਸੰਪਾਦਕ ਹੈ।

ਸ਼ਿਆਮ ਸੁੰਦਰ ਅਗਰਵਾਲ : ('ਨੰਗੇ ਲੋਕਾਂ ਦਾ ਫ਼ਿਕਰ')

ਉਸਦੀ ਸ਼ੈਲੀ ਪਰਪੱਕ ਪਰ ਭਾਸ਼ਾ ਕਮਜ਼ੋਰ। ਉਹ ਇਕ ਸਿਰਕੱਢ ਮਿੰਨੀ ਕਹਾਣੀਕਾਰ ਹੈ, ਜਿਸਨੇ ਮਿੰਨੀ ਕਹਾਣੀ ਦੀ ਸਥਾਪਤੀ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ 'ਮਿੰਨੀ' ਪਰਚੇ ਰਾਹੀਂ ਵੀ ਉਹ ਡਾ. ਦੀਪਤੀ ਦੇ ਨਾਲ ਰੱਲ ਕੇ ਇਸ ਨਵੀਂ ਵਿਧਾ ਪ੍ਰਤੀ ਸੰਜੀਦਾ ਤੇ ਗੰਭੀਰ ਹੈ ਅਤੇ ਸ਼ਿੱਦਤ ਤੇ ਨਿਸ਼ਠਾ ਨਾਲ ਇਸਦੇ ਉੱਜਵਲ ਭਵਿੱਖ ਦੀ ਆਸ ਰੱਖਦਾ ਹੈ। ਉਹ ਸ਼ਾਇਦ ਪਹਿਲਾ ਮਿੰਨੀ ਕਹਾਣੀਕਾਰ, ਜਿਸਨੇ ਹੋਰ ਵਿਧਾ ਵਿਚ ਹੱਥ ਨਹੀਂ ਅਜ਼ਮਾਇਆ ਤੇ ਸਿੱਧਾ ਇਸ ਉੱਤੇ ਹੀ 'ਲੈਂਡ' ਕੀਤਾ ਹੈ। ਨਹੀਂ ਤੇ ਬਹੁਤੇ ਲੇਖਕ ਹੋਰ-ਹੋਰ ਵਿਧਾਵਾਂ ਵਲੋਂ ਇਸ ਪਾਸੇ ਨੂੰ ਆਏ ਹਨ।

ਸੁਰਿੰਦਰ ਕੈਲੇ : ('ਬੇਕਾਰ ਘੋੜਾ', 'ਕੂੰਜਾਂ ਦੀ ਡਾਰ')

'ਅਣੂ' ਦਾ 1972 ਤੋਂ ਨਿਰੰਤਰ ਸੰਪਾਦਨ ਕਰ ਰਿਹੈ। ਮਿੰਨੀ ਕਹਾਣੀ ਨੂੰ ਵਿਸ਼ੇਸ਼ ਪ੍ਰੋਤਸਾਹਨ ਦੇ ਰਿਹੈ। ਕੁਝ ਪੁਸਤਕਾਂ ਦੀ ਸੰਪਾਦਨਾਂ। ਮਿੰਨੀ ਕਹਾਣੀ ਭਾਵੁਕ ਹੋਕੇ ਨਹੀਂ, ਸੁਚੇਤ ਹੋ ਕੇ ਲਿਖਦਾ ਹੈ। ਉਸ ਕੋਲ ਕਹਿਣ ਦਾ ਅੰਦਾਜ਼ ਵੀ ਹੈ ਤੇ ਕਹਿਣ ਲਈ ਮਸਾਲਾ ਵੀ। ਉਹ ਕੱਚੀ ਉਮਰੇ ਇਧਰ ਨਹੀਂ ਆਇਆ, ਬਲਕਿ ਅਧਿਐਨ ਕਰਕੇ, ਗੁੜ ਕੇ ਆਇਐ।

ਅੱਵਲ ਸਰਹੱਦੀ : ('ਖ਼ਬਰਨਾਮਾ')

ਪ੍ਰੌੜ ਲੇਖਕ। ਪੁਸਤਕ ਰੂਪ 'ਚ ਪਾਠਕਾਂ ਸਾਹਵੇਂ ਬਹੁਤ ਪੱਛੜ ਕੇ ਆਇਐ। ਭਾਸ਼ਾ ਅਤੇ ਸ਼ੈਲੀ ਵਿਚ ਪੁਖ਼ਤਗੀ ਅਤੇ ਪਰਪੱਕਤਾ। ਉਹ ਸੰਖੇਪਤਾ ਦਾ ਹਾਮੀ। ਸ਼ਬਦ ਜਿਵੇਂ ਬੜੀ ਕੰਜੂਸੀ ਅਤੇ ਕਿਰਸ ਨਾਲ ਵਰਤੇ। ਕਲਾ ਪੱਖ, ਉਸਦੇ ਵਿਸ਼ਾ ਪੱਖ ਤੇ ਹਾਵੀ ਰਹੇ। ਉਹ ਮਿੰਨੀ ਕਹਾਣੀ ਦਾ ਇਕ ਵਿਸ਼ੇਸ਼ ਹਸਤਾਖ਼ਰ। ਨਵਯੁੱਗ ਪਬਲਿਸ਼ਰਜ਼, ਦਿੱਲੀ ਵਰਗੇ ਵੱਡੇ ਪ੍ਰਕਾਸ਼ਕ

ਵਲੋਂ ਛਾਪਿਆ ਸ਼ਾਇਦ ਸਭ ਤੋਂ ਪਹਿਲਾ ਮਿੰਨੀ ਕਹਾਣੀ ਸੰਗ੍ਰਹਿ, 'ਖ਼ਬਰਨਾਮਾ' ਉਸਦਾ ਮਾਣ, ਉਸਦਾ ਗੌਰਵ ਹੈ।

ਰਾਜਿੰਦਰ ਕੌਰ ਵੰਤਾ : ('ਪਰਵਾਸੀ ਪੰਛੀ, ਸਕਤਾ')

ਉਸ ਦੀਆਂ ਮਿੰਨੀ ਕਹਾਣੀਆਂ 'ਚ ਔਰਤ ਦੀ ਪੂਰੀ ਵਕਾਲਤ। ਕਲਾਤਮਕਤਾ ਦੀ ਕੁਝ ਘਟ ਪਰ ਕਹਾਣੀ-ਰਸ ਮੁਕੰਮਲ। ਕਵਿਤਾ ਵੀ ਰਚੇ। ਬੋਲਡ ਲੇਖਿਕਾ। ਵੰਨ-ਸੁਵੰਨੇ ਵਿਸ਼ਿਆਂ ਨੂੰ ਹੱਥ ਪਾਏ। ਮਿੰਨੀ ਕਹਾਣੀ ਲੇਖਿਕਾਵਾਂ ਗਿਣਤੀ ਪੱਖੋਂ ਆਟੇ 'ਚ ਲੂਣ ਦੇ ਬਰਾਬਰ ਤੇ ਉਹ ਬਤੌਰ ਲੇਖਿਕਾ ਪੂਰੀ ਤਰ੍ਹਾਂ ਚਮਕੇ। ਰਚਨਾ ਨੂੰ ਸ਼ਿਦੱਤ ਨਾਲ ਹੰਢਾ ਕੇ ਰਚੇ। ਪਾਠਕ ਨੂੰ ਆਪਣੇ ਨਾਲ ਨਾਲ ਤੋਰੇ।

ਸੁਖਚੈਨ ਸਿੰਘ ਭੰਡਾਰੀ : ('ਪਿਆਸ ਬਾਕੀ ਹੈ')

ਪ੍ਰੌੜ ਕਥਾਕਾਰ ਹੈ। ਨਜ਼ਮ, ਨਿੱਕੀ ਕਹਾਣੀ, ਮਿੰਨੀ ਕਹਾਣੀ ਆਦਿ ਵਿਧਾਵਾਂ ਤੇ ਨਾਲੋਂ ਨਾਲ ਹੱਥ ਅਜ਼ਮਾਂਦਾ ਹੈ। ਪੰਜਾਬੀ ਅਤੇ ਹਿੰਦੀ ਦੋਹਾਂ ਭਾਸ਼ਾਵਾਂ 'ਚ ਬਰਾਬਰ ਲਿਖ ਰਿਹਾ ਹੈ। ਪੰਜਾਬੀ ਮਿੰਨੀ ਕਹਾਣੀ ਨੂੰ ਸਸ਼ੱਕਤ ਰਚਨਵਾਂ ਪ੍ਰਦਾਨ ਕੀਤੀਆਂ ਹਨ। ਅਤੇ ਇਸ ਵਿਧਾ ਨੂੰ ਅਮੀਰ ਬਣਾਇਆ ਹੈ। ਉਸਦੀ ਪੁਸਤਕ ਉੱਤੇ ਪੰਜਾਬੀ ਯੂਨੀਵਰਸਟੀ, ਵਲੋਂ ਐਮ. ਫਿੱਲ ਲਈ ਟਰਮ-ਪੇਪਰ ਵੀ ਲਿਖਵਾਇਆ ਜਾ ਚੁੱਕਾ ਹੈ। ਅਤੇ ਇਸਨੂੰ ਸਾਲ 87-88 ਵਿਚ 'ਹਰਿਆਣਾ ਸਾਹਿਤ ਅਕਾਦਮੀ' ਵਲੋਂ ਪਹਿਲਾ ਇਨਾਮ ਵੀ ਮਿਲ ਚੁੱਕਾ ਹੈ।

ਜਿੰਦਰ : ('ਨਾਅਰਾ ਅਤੇ ਕਰੂੰਬਲਾਂ')

ਉਹ ਮੁੱਖ ਤੌਰ ਤੇ ਕਹਾਣੀਕਾਰ ਹੈ। ਜਿੰਨਾ ਨਾਂ ਕਹਾਣੀ 'ਚ ਹੈ, ਉਨ੍ਹਾਂ ਇਧਰ ਨਹੀਂ ਬਣਾ ਪਾਇਆ, ਕਿਉਂਕਿ ਉਸ ਦੀਆਂ ਮਿੰਨੀ ਕਹਾਣੀਆਂ ਦੀ ਸੁਰ ਨਾਆਰੇਬਾਜ਼ੀ ਵਾਲੀ ਹੁੰਦੀ

ਹੈ। ਜਿਹੜੀ ਇਸਦੇ ਚੌਖਟੇ ਮੁਤਾਬਿਕ ਫਿੱਟ ਨਹੀਂ ਬੈਠਦੀ। ਨਿੱਕੀ ਕਹਾਣੀ ਅਤੇ ਨਾਵਲੈੱਟ ਵਿਚ ਕੈਨਵਸ ਮੁਤਾਬਿਕ ਗੁੰਜਾਇਸ਼ ਜ਼ਿਆਦਾ ਰਹਿੰਦੀ ਹੈ। ਨਿਰਸੰਦੇਹ, ਉਸਨੇ ਕੁਝ ਵਧੀਆ ਅਤੇ ਸਫ਼ਲ ਮਿੰਨੀ-ਕਹਾਣੀਆਂ ਇਸ ਵਿਧਾ ਨੂੰ ਪ੍ਰਦਾਨ ਕੀਤੀਆਂ ਹਨ।

ਧਰਮਪਾਲ ਸਾਹਿਲ : ('ਅੱਕ ਦੇ ਬੀਅ')

ਉਸਨੇ ਮਿੰਨੀ ਕਹਾਣੀ ਸੰਗ੍ਰਹਿ 'ਚੁਗਿਰਦੇ ਦਾ ਦਰਦ' ਤੇ 'ਪੜਾਅ ਤੇ ਪੜਚੋਲ' ਦੀ ਸੰਪਾਦਨਾ ਕੀਤੀ। ਅਤੇ ਮਿੰਨੀ ਕਹਾਣੀ ਦਾ ਪਰਚਾ 'ਵਿਧਾ' ਉਹ ਕੱਢਦਾ ਰਿਹਾ। ਮਿੰਨੀ ਕਹਾਣੀ ਪੋਸਟਰ ਪ੍ਰਦਰਸ਼ਨੀ ਦਾ ਆਗਾਜ਼ ਪੰਜਾਬੀ 'ਚ ਸਭ ਤੋਂ ਪਹਿਲਾਂ ਉਸਦੇ ਹਿੱਸੇ ਹੀ ਆਇਆ ਹੈ। ਮਿੰਨੀ ਕਹਾਣੀ ਪ੍ਰਤੀ ਗੰਭੀਰ ਤੇ ਨਿਸ਼ਠਾਵਾਨ। ਨਿੱਠ ਕੇ ਅਤੇ ਸਹਿਜਤਾ ਨਾਲ ਲਿਖਣ ਵਾਲਾ ਕਹਾਣੀਕਾਰ। ਪੰਜਾਬੀ ਅਤੇ ਹਿੰਦੀ ਦੋਹਾਂ ਭਾਸ਼ਾਵਾਂ 'ਚ ਬਰਾਬਰ ਲਿਖੇ। ਸਮਾਂਨਾਂਤਰ ਦੋ ਭਾਸ਼ਾਵਾਂ 'ਚ ਲਿਖਣਾ ਵੀ ਬਹੁਤ ਚੰਗਾ ਪਰ ਕਈ ਵਾਰ ਦੋ ਬੇੜੀਆਂ ਤੇ ਸਵਾਰ, ਨਾ ਇਧਰ ਦੇ ਰਹਿਣ ਨਾ ਉਧਰ ਦੇ।

ਅਵਤਾਰ ਸਿੰਘ ਬਿਲਿੰਗ : ('ਮੌਤ ਦੇ ਸਾਏ ਹੇਠ')

ਪੇਂਡੂ ਯਥਾਰਥ ਦਾ ਮਾਨਸਿਕ ਚਿਤਰਣ ਉਸ ਦੀਆਂ ਮਿੰਨੀ ਕਹਾਣੀਆਂ 'ਚੋਂ ਪ੍ਰਗਟ ਹੋਵੇ। ਇਹ ਉਸ ਦੀਆਂ ਮਿੰਨੀ ਕਹਾਣੀਆਂ ਦਾ ਖ਼ਾਸਾ। ਕੁਝ ਕਹਾਣੀਆਂ ਅਧਿਆਪਨ ਦੇ ਕਿੱਤੇ ਸਬੰਧੀ, ਜਿਵੇਂ ਸਕੂਲ, ਅਧਿਆਪਕ, ਵਿਦਿਆਰਥੀ, ਵਿੱਦਿਆ ਦਾ ਮਿਆਰ ਆਦਿ। ਉਸਦੀ ਖੂਬੀ ਇਸ ਗੱਲ 'ਚ ਵੀ ਹੈ ਕਿ ਉਹ ਆਪਣੀ ਰਚਨਾ ਚੁਟਕਲਾ ਬਿਲਕੁਲ ਨਾ ਬਣਨ ਦੇਵੇ। ਗੰਭੀਰਤਾ ਅੰਤ ਤੱਕ ਬਰਕਰਾਰ ਰਹੇ। ਪਾਠਕ ਸੋਚਣ ਤੇ ਲਾਵੇ ਅਤੇ ਉਸਦੇ ਮੱਥੇ 'ਚ ਦੀਵੇ ਜਗਾਵੇ।

ਹਰਨੇਕ ਸਿੰਘ ਕੈਲੇ : ('ਐਫ. ਆਈ. ਆਰ')

ਪ੍ਰੋਫੈਸਰ ਹੋਣ ਦੇ ਨਾਤੇ ਉਸ ਦੀਆਂ ਮਿੰਨੀ ਕਹਾਣੀਆਂ ਵਿਚ ਅਧਿਆਪਨ ਨਾਲ ਸਬੰਧਤ ਵੱਖ-ਵੱਖ ਪਹਿਲੂਆਂ ਦੀ ਬਾਖ਼ੂਬੀ ਤਰਜਮਾਨੀ ਹੋਈ ਮਿਲਦੀ ਹੈ। ਉਹ ਇਕਦਮ ਇਸ ਪਾਸੇ ਨਹੀਂ ਆਇਆ, ਸਗੋਂ ਹੋਰ ਵਿਧਾਵਾਂ ਵਿਚ ਲਿਖਦਾ ਹੋਇਆ, ਇਧਰ ਆਇਆ ਹੈ। ਉਸਦਾ ਇਸ ਵਿਧਾ ਵਿਚ ਆਉਣਾ ਮਿੰਨੀ ਕਹਾਣੀ ਲਈ ਮਾਣ ਦੀ ਗੱਲ ਹੈ।

ਰਾਮ ਮੂਰਤ ਸਿੰਘ : ('ਚੇਤਨਾ')

'ਕਿਰਨ' ਪਰਚੇ ਦੀ ਸੰਪਾਦਨਾ। ਮਿੰਨੀ ਕਹਾਣੀ ਪ੍ਰਤੀ ਗੰਭੀਰ ਅਤੇ ਸੁਹਿਰਦ ਲੇਖਕ। ਉਸ ਪਾਸ ਵਿਸ਼ੇ ਤਾਂ ਹਨ ਪਰ ਕਲਾ ਦੀ ਕੁਝ ਘਾਟ ਰੜਕੇ। ਕਿਸੇ ਗੱਲ ਨੂੰ ਕਲਾਮਈ ਢੰਗ ਨਾਲ ਸੂਤਰਬੱਧ ਕਰਨਾ ਹੀ ਲੇਖਕ ਦੀ ਪ੍ਰਤਿਭਾ ਹੁੰਦੀ ਹੈ। ਉਸਦਾ ਮੀਰੀ ਗੁਣ ਹੁੰਦਾ ਹੈ।

ਬਿਕਰਮਜੀਤ ਨੂਰ : ('ਕਾਤਰਾਂ')

ਪਹਿਲਾਂ ਨਜ਼ਮਾਂ ਅਤੇ ਗ਼ਜ਼ਲਾਂ ਲਿਖਦਾ ਰਿਹਾ। ਫੇਰ ਨਾਵਲੈੱਟ ਹੁਣ ਇਸ ਨਵੀਂ ਸਿਨਫ਼ ਵੱਲ ਨੂੰ ਆਇਆ ਹੈ, ਲੇਕਿਨ ਆਇਆ ਉਹ ਪੱਕੇ ਪੈਰੀਂ ਅਤੇ ਹਨ੍ਹੇਰੀ ਵਾਂਗ ਹੈ। ਜੋ ਸਭ ਪਰਚਿਆਂ/ਰਸਾਲਿਆਂ ਤੇ ਛਾ ਗਿਆ ਹੈ। ਮਿੰਨੀ ਕਹਾਣੀ ਨੂੰ ਉਸ ਪਾਸੋਂ ਭਰੂਪਰ ਆਸਾਂ ਹਨ।

ਗੁਰਮੇਲ ਮਡਾਹੜ : ('ਜੁਗਨੂੰਆਂ ਦੀ ਤਲਾਸ਼')

ਮਿੰਨੀ ਕਹਾਣੀ ਦਾ ਮਾਣ ਅਤੇ ਇਕ ਵਧੀਆ ਅਦੀਬ। ਉਹ ਨਿੱਕੀ ਕਹਾਣੀ 'ਚ ਵਿਸ਼ੇਸ਼ ਨਾਂ ਕਮਾ ਚੁੱਕਾ ਹੈ। ਸੰਕੇਤਕ ਸ਼ੈਲੀ ਵਰਤ ਕੇ ਕਹਾਣੀ 'ਚ ਆਪਣੀ ਪਛਾਣ ਬਣਾ

ਰਿਹਾ ਹੈ। ਮਿੰਨੀ ਕਹਾਣੀ ਵਿਚ ਉਸਦੀ ਆਮਦ ਇਕ ਚੰਗੀ ਗੱਲ ਹੈ। ਅਜਿਹੇ ਹੋਰ ਸਿਰ-ਕੱਢ ਕਹਾਣੀਕਾਰ ਇਸ ਪਾਸੇ ਲਿਖਣ ਲੱਗ ਪੈਣ ਤਾਂ ਇਹ ਵਿਧਾ ਛੇਤੀ ਪ੍ਰਫੁੱਲਤ ਹੋ ਸਕੇਗੀ।

ਸੁਖਵੰਤ ਸਿੰਘ ਮਰਵਾਹਾ : ('ਸ਼ਿਕਵੇ')

ਉਸਦੇ ਕੋਲ ਉਡਾਣ (Flight) ਤਾਂ ਬਹੁਤ ਉੱਚੀ ਹੈ ਪਰੰਤੂ ਉਹ ਯਥਾਰਥ ਦੇ ਧਰਾਤਲ ਤੋਂ ਥੋੜਾ ਉਪਰ ਉੱਠ ਜਾਂਦਾ ਹੈ। ਨਿਰਸੰਦੇਹ, ਉਸਦੇ ਕੋਲ ਵਿਸ਼ਿਆਂ ਦੀ ਨਵੀਨਤਾ ਹੈ, ਵਿਵਿਧਤਾ ਹੈ। ਉਹ ਗੱਲ ਬਨਾਣੀ ਜਾਣਦਾ ਹੈ। ਕਲਾ ਪੱਖ ਵਲੋਂ ਥੋੜਾ ਜਿਹਾ ਸੁਚੇਤ ਹੋਣ ਦੀ ਉਸਨੂੰ ਲੋੜ ਹੈ। ਨਵੇਂ ਪੁੰਗਰਦੇ ਲੇਖਕਾਂ ਵਾਂਗ ਉਹ ਕੱਚਾ ਪਿੱਲਾ ਲਿਖਕੇ ਨਹੀਂ ਛਪਵਾ ਲੈਂਦਾ, ਸਗੋਂ ਠਰੰਮੇ ਨਾਲ ਲਿਖਦਾ ਤੇ ਛਪਦਾ ਹੈ। ਹੋੜ ਤੋਂ ਬਚਦਾ ਹੈ।

ਦਵਿੰਦਰ ਮੰਡ: ('ਕਣੀਆਂ')

ਮੰਡ ਨੇ ਬਹੁਤੀਆਂ ਮਿੰਨੀ ਕਹਾਣੀਆਂ 'ਚ ਪਸ਼ੂ ਪੰਛੀਆਂ ਨੂੰ ਪ੍ਰਤੀਕ ਵਜੋਂ ਵਰਤਕੇ ਮਨੁੱਖੀ ਪੀੜਾ ਦੀ ਗੱਲ ਬਹੁਤ ਖ਼ੂਬਸੂਰਤੀ ਨਾਲ ਕੀਤੀ ਹੈ। ਉਸਨੇ ਲੋਕ-ਕਥਾਵਾਂ ਨੂੰ ਆਧਾਰ ਬਣਾ ਕੇ ਵੀ ਮਿੰਨੀ ਕਹਾਣੀ ਦੀ ਉਸਾਰੀ ਕੀਤੀ ਹੈ, ਜਿਸ 'ਚ ਉਹ ਸਫਲ ਕਿਹਾ ਜਾ ਸਕਦਾ ਹੈ। ਸੁਖਦੇਵ ਸਿੰਘ ਸ਼ਾਂਤ : ('ਸਿੰਮਲ ਰੁੱਖ') ਉਸਨੂੰ ਕਹਾਣੀ ਬਣਾਉਣ ਦੀ ਜਾਚ ਆਉਂਦੀ ਹੈ। ਵਿਸ਼ਿਆਂ ਦੀ ਉਸ ਕੋਲ ਭਰਮਾਰ ਹੈ। ਉਹ ਨਿਮਨ ਮੱਧ ਵਰਗ 'ਚੋਂ ਵਿਸ਼ੇ ਚੁਣਦਾ ਹੈ ਅਤੇ ਉਨ੍ਹਾਂ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਦਾ ਹੈ। ਜਿਵੇਂ ਰੰਗ ਬਿਖੇਰ ਰਿਹਾ ਹੋਵੇ। ਉਸਦਾ ਮਿੰਨੀ ਕਹਾਣੀ ਵਾਲੇ ਪਾਸੇ ਆਉਣਾ ਇਸ ਵਿਧਾ ਦੀ ਖੁਸ਼ਕਿਸਮਤੀ ਹੈ।

ਗੁਰਚਰਨ ਚੌਹਾਨ : ('ਕੱਲਰੀ ਧਰਤੀ ਨਵੇਂ ਸਿਆੜ')

ਪੇਂਡੂ ਸਭਿਆਚਾਰ ਨਾਲ ਉਤ-ਪੋਤ ਹੁੰਦੀਆਂ ਹਨ ਚੌਹਾਨ ਦੀਆਂ ਮਿੰਨੀ ਕਹਾਣੀਆਂ ਉਸਦੀ ਕਲਮ 'ਚ ਪੁਖ਼ਤਗੀ, ਵਾਰਤਾਲਾਪ ਰਾਹੀਂ ਕਹਾਣੀ ਨੂੰ ਸਿਖ਼ਰ ਤੇ ਪਹੁੰਚਾ ਦੇਵੇ।

ਵਾਰਤਾਲਾਪ ਵਿਚ ਸੁਭਾਵਿਕਤਾ ਅਤੇ ਆਮ ਬੋਲਚਾਲ ਵਾਲੀ ਭਾਸ਼ਾ ਵਰਤੇ। ਨਿਮਨ ਸ਼੍ਰੇਣੀ ਦਾ ਖ਼ੂਬਸੂਰਤ ਚਿਤਰਣ ਕਰੇ। ਮਿੰਨੀ ਕਹਾਣੀ ਨੂੰ ਉਸ ਕੋਲੋਂ ਭਰਪੂਰ ਆਸਾਂ ਹਨ।

ਗੁਰਦੀਪ ਪੁਰੀ : ('ਖਾਹਿਸ਼')

ਉਸਨੇ ਪਹਿਲਾਂ ਜਿਗਰਾ ਕਰਕੇ ਵੱਡ-ਆਕਾਰੀ ਮਿੰਨੀ ਕਹਾਣੀ ਸੰਗ੍ਰਿਹ "ਗੁਆਚੇ ਦਿਨਾਂ ਦੀ ਭਾਲ" ਨੂੰ ਸੰਪਾਦਿਤ ਕੀਤਾ ਅਤੇ ਆਪਣਾ ਮੌਲਿਕ ਮਿੰਨੀ ਕਹਾਣੀ ਸੰਗ੍ਰਿਹ "ਖਾਹਿਸ਼" ਫੇਰ ਕੱਢਿਆ। ਅਕਸਰ ਕਿਹਾ ਜਾਂਦਾ ਹੈ ਕਿ ਵਿਦੇਸ਼ੀ ਲੇਖਕਾਂ ਕੋਲ ਡਾਲਰ ਹੀ ਹੁੰਦੇ ਹਨ, ਲੇਖਣੀ ਨਹੀਂ। ਪਰ ਇਹ ਗੱਲ ਪੂਰੀ ਤੇ ਬਿਲਕੁਲ ਨਹੀ ਢੁੱਕਦੀ। ਉਹ ਸੁਹਿਰਦ ਤੇ ਗੰਭੀਰ ਕਿਸਮ ਦਾ ਲੇਖਕ ਹੈ। ਉਸ ਦੀਆਂ ਮਿੰਨੀ ਕਹਾਣੀਆਂ ਆਪਣੀ ਧਰਤੀ ਦੇ ਮੋਹ ਨੂੰ ਪ੍ਰਗਟਾਉਂਦੀਆਂ ਹਨ। ਉਹ ਆਪਣੀ ਕਹਾਣੀ ਵਿਚ ਪੂਰਣ ਤੌਰ ਤੇ ਸੁਚੇਤ ਹੁੰਦਾ ਹੈ, ਭਾਵੁਕ ਨਹੀਂ।

ਰੌਸ਼ਨ : ('ਨਿਸ਼ਾਨਦੇਹੀ')

ਉਸ ਦੀਆਂ ਮਿੰਨੀ ਕਹਾਣੀਆਂ ਵਿਚ ਮੁੱਖ ਵਿਸ਼ਾ ਗਰੀਬੀ, ਆਰਥਿਕ ਮੰਦਹਾਲੀ, ਬੇਇਮਾਨੀ, ਬੇਰੋਜ਼ਗਾਰੀ ਹੁੰਦਾ ਹੈ। ਕਲਾਤਮਕ ਢੰਗ ਦੀ ਪੇਸ਼ਕਾਰੀ ਹੁੰਦੀ ਹੈ, ਜਿਸ ਵਿਚ ਪੂਰੀ ਪਰਪੱਕਤਾ ਹੋਵੇ। ਰੌਸ਼ਨ-ਦਿਮਾਗ ਹੈ, ਰੌਸ਼ਨ।

ਕ੍ਰਿਸ਼ਨ ਬੇਤਾਬ : (ਪੱਤੀ-ਪੱਤੀ')

ਪੰਜਾਬੀ ਨਿੱਕੀ ਕਹਾਣੀ ਦਾ ਚਰਚਿਤ ਨਾਂ ਹੈ ਉਹ। ਇਸ ਸੰਗ੍ਰਿਹ ਰਾਹੀਂ ਉਸਨੇ ਮਿੰਨੀ ਕਹਾਣੀ ਦੇ ਪਿੜ 'ਚ ਵੀ ਪ੍ਰਵੇਸ਼ ਕੀਤਾ ਹੈ। ਉਸ ਕੋਲ ਗਲਪੀ-ਬਿੰਬ ਉਸਾਰਨ ਅਤੇ ਕਲਾਤਮਕ ਭਾਸ਼ਾ ਵਰਤਣ ਦੀ ਜੁਗਤ ਮੌਜੂਦ ਹੈ। ਉਸ ਦੀਆਂ ਬਹੁਤੀਆਂ ਮਿੰਨੀ ਕਹਾਣੀਆਂ

ਮਨੁੱਖੀ ਮੁਖੌਟਿਆਂ ਨੂੰ ਉਭਾਰਦੀਆਂ ਪ੍ਰਤੀਤ ਹੁੰਦੀਆਂ ਹਨ। ਉਹ ਸਮਾਜਿਕ ਬੁਰਾਈਆਂ ਤੇ ਜ਼ੁਲਮ ਦੇ ਖਿਲਾਫ਼ ਆਵਾਜ਼ ਬੁਲੰਦ ਕਰਦਾ ਹੈ।

ਕੁਲਦੀਪ ਸਿੰਘ ਅਰਸ਼ੀ : ('ਰੰਗ ਬਰੰਗੀਆਂ ਕਣੀਆਂ')

ਉਹ 'ਰਾਹ-ਦਸੇਰਾ' ਮਾਸਿਕ ਪਰਚੇ ਦਾ ਸੰਪਾਦਕ। ਕੁੱਝ ਕਹਾਣੀਆਂ ਉੱਚ-ਪਾਏ ਦੀਆਂ ਅਤੇ ਕੁਝ ਬਿਲਕੁਲ ਹਲਕੀਆਂ-ਫੁਲਕੀਆਂ, ਗੰਭੀਰਤਾ ਰਹਿਤ। ਲੇਕਿਨ ਉਸਨੇ ਆਪਣਾ ਸੰਗ੍ਰਹਿ ਪ੍ਰੌੜ ਉਮਰੇ ਛਾਪਿਆ ਹੈ।

ਸੁਧੀਰ ਕੁਮਾਰ ਸੁਧੀਰ : ('ਚੰਗਿਆੜੇ')

ਬੜੀ ਤੇਜ਼ੀ ਨਾਲ ਮਿੰਨੀ ਕਹਾਣੀ ਦੇ ਅੰਬਰ ਤੇ ਛਾਣ ਵਾਲਾ ਸਿਤਾਰਾ, ਜਿਸਨੇ ਸਿੱਧਾ ਇਸ ਵਿਧਾ ਵਿਚ ਹੀ ਪ੍ਰਵੇਸ਼ ਕੀਤਾ, ਆਪਣੇ ਪਲੇਠੇ ਮਿੰਨੀ ਕਹਾਣੀ ਸੰਗ੍ਰਹਿ 'ਚੰਗਿਆੜੇ' ਨਾਲ। ਉਸਦੀ ਆਲੋਚਨਾ, ਸਿਰਜਨਾਤਮਕਤਾ ਨਾਲੋਂ ਵੀ ਦੋ ਕਦਮ ਅੱਗੇ, ਬਿਲਕੁਲ ਉਵੇਂ ਜਿਵੇਂ ਮਹਿਤਾਬੂਦੀਨ ਦੀ ਆਲੋਚਨਾ। ਇਹ ਕਿਸੇ ਦੇ ਆਪਣੇ ਹਥ-ਵੱਸ ਦੀ ਗੱਲ ਨਹੀਂ ਹੁੰਦੀ। ਉਹ ਮਿੰਨੀ ਕਹਾਣੀ ਦੀ ਸ਼ੈਦਾਈ, ਇਸਦੇ ਵਿਰੁੱਧ ਕੁਝ ਨਾ ਸੁਣ ਸਕੇ। ਅਜਿਹੇ ਹੋਣਹਾਰ ਨੌਜਵਾਨ ਆਲੋਚਕਾਂ ਦੀ ਇਸ ਵਿਧਾ ਨੂੰ ਸਖ਼ਤ ਲੋੜ ਹੈ।

ਬਲਦੇਵ ਸਿੰਘ ਬੀਕਾ : ('ਆਪੋ ਆਪਣੀ ਦਾਸਤਾਨ')

ਉਸਨੇ ਕੁਝ ਵਧੀਆ ਮਿੰਨੀ ਕਹਾਣੀਆਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ ਪਰ ਅਜਕਲ ਉਹ ਮਿੰਨੀ ਕਹਾਣੀ ਵਲੋਂ ਬਿਲਕੁਲ ਚੁੱਪ ਹੈ ਜਾਂ ਅਵੇਸਲਾ ਹੈ।

ਸੋਹਲ : ('ਚਿੜੀਆਂ ਦਾ ਮਰਨ')

ਘੱਟ ਲਿਖਣ ਵਾਲਾ ਸੋਹਲ ਆਪਣੇ ਇਸ ਸੰਗ੍ਰਹਿ ਸਹਿਤ ਪਾਠਕਾਂ ਦੇ ਰੂਬਰੂ ਹੋਇਆ ਹੈ। ਉਸਦੀ ਕਲਮ ਵਿਚ ਜਾਨ ਹੈ। ਉਹ ਆਪਣੀਆਂ ਰਚਨਾਵਾਂ ਦਾ ਅੰਤ ਕਾਹਲ ਵਿਚ ਨਾ ਕਰੇ ਅਤੇ ਥੋੜੀ ਜਿਹੀ ਕਲਾਤਮਕਤਾ ਹੋਰ ਭਰੇ ਤਾਂ ਉਹ ਪਹਿਲੀ ਕਤਾਰ ਦੇ ਮਿੰਨੀ ਕਹਾਣੀਕਾਰਾਂ ਵਿਚ ਆਪਣੇ ਆਪ ਨੂੰ ਸ਼ੁਮਾਰ ਕਰ ਸਕਦਾ ਹੈ। ਨਿਰਸੰਦੇਹ, ਉਸਦੀ ਮਿੰਨੀ ਕਹਾਣੀ ਇਸ ਵਿਧਾ ਦਾ ਇਕ ਹਾਸਿਲ ਹੈ।

ਯਾਦਵਿੰਦਰ ਸਿੱਧੂ : ('ਛਿਲਤਰਾਂ')

ਉਸ ਦੀਆਂ ਮਿੰਨੀ ਕਹਾਣੀਆਂ ਛਿਲਤਰਾਂ ਵਾਂਗ ਪਾਠਕ ਨੂੰ ਚੋਭ ਮਾਰਦੀਆਂ ਹੋਈਆਂ ਹਲੂਣਦੀਆਂ ਹਨ ਤੇ ਉਸਨੂੰ ਚੁਕੰਨਾ ਕਰਦੀਆਂ ਹਨ। ਮਨੁੱਖ ਅੰਦਰਲੇ ਕਈ-ਮਨੁੱਖਾਂ ਦਾ ਲੇਖਕ ਨੇ ਪਰਦਾਫਾਸ਼ ਕਰਨ ਦਾ ਉਪਰਾਲਾ ਕੀਤਾ ਹੈ। ਪਰ ਉਹ ਵਿਸ਼ੇ ਪਖੋਂ ਕਿਤੇ ਕਿਤੇ ਦੁਹਰਾਅ ਕਰਦਾ ਜਾਂਦਾ ਹੈ।

ਗੁਰਿੰਦਰ ਬਾਦਸ਼ਾਹਪੁਰੀ : ('ਸ਼ਬਨਮ')

ਉਸ ਦੀਆਂ ਮਿੰਨੀ ਕਹਾਣੀਆਂ ਦਾ ਪ੍ਰਮੁੱਖ ਗੁਣ ਸੱਪਸ਼ਟਤਾ, ਸਰਲਤਾ ਅਤੇ ਸੰਖੇਪਤਾ ਹੈ। ਉਹ ਸਫਲ ਪ੍ਰਤੀਕਾਂ ਅਤੇ ਸੰਕੇਤਾਂ ਦਾ ਪ੍ਰਯੋਗ ਕਰਦਾ ਹੈ। ਉਸ ਦੀਆਂ ਕਈ ਮਿੰਨੀ ਕਹਾਣੀਆਂ ਸੰਵੇਦਨਾ ਨੂੰ ਟੁੰਬਦੀਆਂ ਹਨ। ਮਨੁੱਖ ਦੀ ਆਪੇ ਦੀ ਤਲਾਸ਼, ਪੰਜਾਬ ਸਮੱਸਿਆ, ਰਾਜਨੀਤੀ, ਧਰਮ, ਵਿਦਿਆ ਜਿਹੇ ਵਿਸ਼ਿਆਂ ਉਤੇ ਉਸਨੇ ਸਫਲਤਾ ਪੂਰਵਕ ਹੱਥ ਅਜ਼ਮਾਇਆ ਹੈ। ਸ਼ੇਲਿੰਦਰਜੀਤ ਸਿੰਘ ਰਾਜਨ : ('ਕਵਿਤਾ ਸਿਸਕ ਪਈ') ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਆਧੁਨਿਕ ਮਨੁੱਖ ਦੀ ਤ੍ਰਾਸਦੀ ਅਤੇ ਉਸ ਦੀਆ ਮਜਬੂਰੀਆਂ ਨੂੰ ਦਰਸਾਉਣ ਵਾਲੀਆਂ ਰਾਜਨ ਦੀਆਂ ਅਨੇਕ ਸਫਲ ਮਿੰਨੀ ਕਹਾਣੀਅ ਹਨ। ਉਸ ਦੀਆਂ ਕਹਾਣੀਆਂ ਵਿਚ ਲਮਕਾਅ ਕੁਝ ਵਧੇਰੇ ਹੈ ਪਰ ਕਲਾ ਦਾ ਪੱਲਾ ਉਹ ਨਹੀਂ ਛੱਡਦਾ।

ਜਸਵਿੰਦਰ ਤੀਰ : ('ਰਿਸ਼ਮਾਂ')

ਉਸਨੂੰ ਕਹਾਣੀ ਕਹਿਣ ਦੀ ਜੁਗਤ ਵੀ ਆਉਂਦੀ ਹੈ ਅਤੇ ਉਸਦਾ ਨਿਬਾਹ ਵੀ ਕਰਨਾ ਆਉਂਦਾ ਹੈ। ਉਹ ਮਿੰਨੀ ਕਹਾਣੀ ਦੇ ਮੁੱਖ ਅੰਗ ਕਟਾਕਸ਼ ਨੂੰ ਖ਼ੂਬਸੂਰਤੀ ਸਹਿਤ ਵਰਤਦਾ ਹੈ, ਜਿਸ ਨਾਲ ਰਚਨਾ ਨੂੰ ਚਾਰ ਚੰਨ ਲੱਗ ਜਾਂਦੇ ਹਨ। ਉਸ ਦੀਆਂ ਕਹਾਣੀਆਂ ਪੜ੍ਹਨ ਉਪਰੰਤ, ਜ਼ਿਹਨ ਵਿਚ ਝੰਜੋੜਾ ਜਿਹਾ ਆ ਜਾਂਦਾ ਹੈ। ਪਾਠਕ ਸੋਚਣ ਤੇ ਮਜਬੂਰ ਹੋ ਜਾਂਦਾ ਹੈ। ਉਸਨੇ ਸਮਾਜਿਕ ਯਥਾਰਥ ਦੇ ਭਿੰਨ ਭਿੰਨ ਰੂਪ ਆਪਣੀਆਂ ਕਹਾਣੀਆਂ ਰਾਹੀਂ ਪ੍ਰਗਟਾਏ ਹਨ।

ਸੁਖਮਿੰਦਰ ਸੇਖੋਂ : ('ਸੂਰਜ ਦਾ ਸ਼ਿਕਾਰ')

ਨਿੱਕੀ ਕਹਾਣੀ 'ਚ ਆਪਣੀ ਥਾਂ ਬਣਾ ਚੁੱਕੇ ਸੇਖੋਂ ਨੇ ਇਕ ਮਿੰਨੀ ਕਹਾਣੀ ਸੰਗ੍ਰਹਿ ਵੀ ਪੰਜਾਬੀ ਜਗਤ ਨੂੰ ਦਿਤਾ ਹੈ। ਜਿਸ ਵਿਚ ਉਸਨੇ ਵਿਸ਼ਿਆਂ ਦੀ ਵਿਲੱਖਣਤਾ ਦੇ ਨਾਲ ਨਾਲ ਆਪਣੀ ਕਲਾਤਮਿਕ ਸੂਝ ਦਾ ਪ੍ਰਮਾਣ ਵੀ ਦਿੱਤਾ ਹੈ। ਉਹ ਵਧੇਰੇ ਕਰਕੇ ਵਾਰਤਾਲਾਪੀ ਵਿਧੀ ਰਾਹੀਂ ਆਪਣੀ ਕਹਾਣੀ ਪਾਉਂਦਾ ਹੈ। ਇਹ ਉਸਦਾ ਖ਼ਾਸਾ ਹੈ।

ਅਮਰਜੀਤ ਅਕੋਈ : ('ਨਗੀਨੇ')

ਨਵੀਂ ਪੀੜੀ ਦਾ ਮਿੰਨੀ ਕਹਾਣੀਕਾਰ ਹੈ, ਜਿਸਨੇ ਪਹਿਲੇ ਸੰਗ੍ਰਹਿ ਨਾਲ ਹੀ ਆਪਣੀਆਂ ਸੰਭਾਵਨਾਵਾਂ ਉਜਾਗਰ ਕਰ ਦਿਖਾਈਆਂ ਹਨ। ਉਸਨੇ ਆਪਣੇ ਕਿੱਤੇ ਸਬੰਧੀ ਵੀ ਖ਼ੂਬਸੂਰਤ ਮਿੰਨੀ ਕਹਾਣੀਆਂ ਰਚੀਆਂ ਹਨ। ਅਜਿਹੇ ਨੌਜਵਾਨ ਕਹਾਣੀਕਾਰ ਪਾਸੋਂ ਮਿੰਨੀ ਕਹਾਣੀ ਨੂੰ ਬਹੁਤ ਸੰਭਾਵਨਾਵਾਂ ਹਨ।

ਵਾਸਦੇਵ ਸ਼ਰਮਾ : ('ਕਾਲ ਚੱਕਰ')

ਮਿੰਨੀ ਕਹਾਣੀ 'ਚ ਨਵਾਂ ਨਾਂ ਹੈ, ਜਿਸਨੇ ਆਪਣੇ ਪੇਸ਼ੇ (ਦਫਤਰੀ ਮਾਹੌਲ) ਸਬੰਧੀ ਖ਼ੂਬਸੂਰਤ ਕਹਾਣੀਆਂ ਇਸ ਸੰਗ੍ਰਹਿ 'ਚ ਪੇਸ਼ ਕੀਤੀਆਂ ਹਨ।

ਇਕਬਾਲਦੀਪ : ('ਥੋੜ੍ਹਾ ਬੋਲਣ ਬੋਲ')

ਬਹੁਤ ਚਰਚਿਤ ਨਾਂ ਹੈ, ਜਿਸਨੇ ਕਵਿਤਾ, ਕਹਾਣੀ, ਨਾਵਲ ਤੋਂ ਮਗਰੋਂ ਮਿੰਨੀ ਕਹਾਣੀ ਵੱਲ ਵੀ ਹੱਥ ਅਜ਼ਮਾਇਆ ਹੈ। ਇਹ ਸੰਗ੍ਰਹਿ ਉਸਦੀ ਪ੍ਰਤਿਭਾ-ਕੌਸ਼ਲਤਾ ਦੀ ਗਵਾਹੀ ਭਰਦੀ ਹੈ। ਮਿੰਨੀ ਕਹਾਣੀ ਲਈ ਉਹ ਇਕ ਮਾਣ ਤੇ ਗੌਰਵ ਹੈ।

ਸੁਧੀਰ ਕੁਮਾਰ ਸੁਧੀਰ : ('ਪੰਜਾਬੀ ਦੀਆਂ ਇਕਵੰਜਾ ਪ੍ਰਤਿਨਿਧ ਮਿੰਨੀ ਕਹਾਣੀਆਂ') ਸੰਪਾਦਤ :

ਇਸ ਸੰਪਾਦਿਤ ਸੰਗ੍ਰਹਿ ਵਿਚ ਸੰਪਾਦਕ ਨੇ ਪੰਜਾਬੀ ਮਿੰਨੀ ਕਹਾਣੀ ਦੇ ਸਿਰਕੱਢ ਹਸਤਾਖ਼ਰਾਂ ਦੀ ਇਕ-ਇਕ ਪ੍ਰਤਿਨਿਧ ਮਿੰਨੀ ਕਹਾਣੀ ਲਈ ਹੈ। ਜਿਸ ਤੋਂ ਪਾਠਕ/ਆਲੋਚਕ ਇਸ ਵਿਧਾ ਦੇ ਮਿਆਰ ਦਾ ਅੰਦਾਜ਼ਾ ਭਲੀਭਾਂਤ ਲਾ ਸਕਦੇ ਹਨ। ਇਹ ਇਸ ਸਿਨਫ਼ ਦਾ ਇਕ ਮਹੱਤਵਪੂਰਨ ਦਸਤਾਵੇਜ਼ ਹੈ।

ਇੰਦਰਜੀਤ ਬਾਵਾ : ('ਸਾਗਰ') ਸੰਪਾਦਤ :

'ਸਾਗਰ' ਮਿੰਨੀ ਕਹਾਣੀਆਂ ਦਾ ਅਜਿਹਾ ਸੰਪਾਦਤ ਸੰਗ੍ਰਹਿ ਹੈ, ਜਿਸਨੂੰ ਸੰਪਾਦਕ ਨੇ ਬੜੀ ਰੀਝ ਨਾਲ ਛਾਪਿਆ ਹੈ। ਹਰੇਕ ਲੇਖਕ ਦਾ ਜੀਵਨ ਬਿਓਰਾ ਤੇ ਫੋਟੋ, ਕਹਾਣੀਆਂ ਦੇ ਨਾਲ ਸ਼ਾਮਿਲ ਕੀਤੀ ਗਈ ਹੈ। ਇਸ ਵਿਚ ਸਾਰੇ ਸਿਰਕੱਢ ਮਿੰਨੀ ਕਹਾਣੀਕਾਰ ਨਹੀਂ ਲਏ ਗਏ ਪਰੰਤੂ ਇਹ ਜ਼ਰੂਰ ਲਿਖਿਆ ਗਿਆ ਹੈ ਕਿ 'ਸਾਗਰ-2' ਵਿਚ ਰਹਿੰਦੇ ਲੇਖਕਾਂ ਨੂੰ ਸਥਾਨ ਦਿੱਤਾ ਜਾਵੇਗਾ।

ਸੁਖਵੰਤ ਸਿੰਘ ਮਹਵਾਹਾ : ('ਹੰਝੂ') ਸੰਪਾਦਤ :

ਮਰਵਾਹਾ ਭਾਵੇਂ ਖ਼ੁਦ ਮਿੰਨੀ ਕਹਾਣੀ ਲੇਖਕ ਹੈ ਪਰੰਤੂ ਉਸਨੇ ਇਸ ਸੰਪਾਦਿਤ ਸੰਗ੍ਰਹਿ ਵਿਚ ਬਹੁਤੇ ਚਰਚਿਤ ਲੇਖਕ ਸ਼ਾਮਿਲ ਕਰਨ ਦੀ ਬਜਾਏ ਆਪਣੇ ਆਪ ਦਾ ਪ੍ਰਦਰਸ਼ਨ ਵੱਧ ਕੀਤਾ ਹੈ। ਇਸ ਸੰਗ੍ਰਹਿ ਵਿਚੋਂ ਸੰਪਾਦਕੀ ਸੂਝ ਦੀ ਘਾਟ ਰੜਕਦੀ ਹੈ।

ਜਗਰੂਪ ਦਾਤੇਵਾਸ : ('ਅੰਗ ਸੰਗ')

'ਅੰਗ ਸੰਗ' ਵਿਚ ਗਿਣਾਤਮਕ ਪੱਖੋਂ ਕਾਫੀ ਮਿੰਨੀ ਕਹਾਣੀਆਂ ਸ਼ਾਮਿਲ ਹਨ। ਜਿਨ੍ਹਾਂ ਵਿਚ ਵਿਸ਼ਿਆਂ ਦੀ ਵਿਵਿਧਤਾ ਵੀ ਮਿਲਦੀ ਹੈ, ਪਰੰਤੂ ਗੁਣਾਤਮਕ ਜਾਂ ਕਲ ਪੱਖੋਂ ਘਾਟ ਰੜਕਦੀ ਹੈ। ਵਰਿਆਮ ਸੰਧੂ ਦੇ ਪਹਿਲਾਂ ਛਪੇ ਕਹਾਣੀ ਸੰਗ੍ਰਹਿ ਦਾ ਨਾਂ ਵੀ 'ਅੰਗ ਸੰਗ', ਸ਼ਾਮ ਸਿੰਘ ਦਾ ਪ੍ਰਸਿੱਧ ਕਾਲਮ ਵੀ 'ਅੰਗ ਸੰਗ' ਤੇ ਜਗਰੂਪ ਦੀ ਪੁਸਤਰ ਦਾ ਨਾਂ ਵੀ 'ਅੰਗ ਸੰਗ', ਜੋ ਸਭ ਤੋਂ ਮਗਰੋਂ ਛਪੀ। ਸ਼ਾਇਦ ਇਹ-ਮੌਕਾ ਮੇਲ ਹੀ ਹੋਵੇ ਇਸ ਸੰਗ੍ਰਹਿ ਵਿਚ ਰੂਪਕ ਪੱਖੋਂ ਕੁਝ ਕਮਜ਼ੋਰ ਕਹਾਣੀਆਂ ਸ਼ਾਮਿਲ ਹਨ। ਮਿੰਨੀ ਕਹਾਣੀ ਲਿਖਣ ਲਈ ਉਸਨੂੰ ਹੋਰ ਮਿਹਨਤ ਤੇ ਅਧਿਐਨ ਕਰਨ ਦੀ ਲੋੜ ਹੈ।

ਗੁਰਮੇਲ ਵਿਰਕ : ('ਅੰਗ ਸੰਗ')

ਉਸ ਦੀਆਂ ਮਿੰਨੀ ਕਹਾਣੀਆਂ ਵਿਚ ਵਿਸ਼ਿਆਂ ਦਾ ਦੁਹਰਾਓ ਰੜਕਦਾ ਹੈ। ਬਿੰਬਾਂ ਰਾਹੀਂ ਉਸਨੇ ਆਪਣੀ ਗੱਲ ਕਹਿਣ ਦਾ ਚੰਗਾ ਪ੍ਰਯਤਨ ਕੀਤਾ ਹੈ। ਬਹੁਤਾ ਲਮਕਾਅ ਨਹੀਂ। ਮਿੰਨੀ ਕਹਾਣੀਆਂ ਵਿਚ ਉਹ ਛੇਤੀ ਗੱਲ ਨੂੰ ਨਿਬੇੜ ਦਿੰਦਾ ਹੈ।

ਸ਼ਿੰਗਾਰਾ ਸਿੰਘ ਔਲਖ : ('ਆਪਣੇ ਪਰਾਏ')

ਆਪਣੀ ਗੱਲ ਕਹਿਣ ਖ਼ਾਤਿਰ ਉਹ ਬ੍ਰਿਤਾਂਤਕ ਜੁਗਤਾਂ ਦੀ ਵਰਤੋਂ ਕਰਦਾ ਹੈ। ਵਾਰਤਾਲਾਪ ਚੁਸਤ-ਫੁਰਤੀਲਾ ਹੈ ਪਰੰਤੂ ਕਿਤੇ ਕਿਤੇ ਉਹ ਆਪਣੇ ਹੀ ਵਿਚਾਰ ਪੇਸ਼ ਕਰਨ

ਲਗ ਪੈਂਦਾ ਹੈ, ਜਿਸ ਕਾਰਣ ਗੋਂਦ ਢਿੱਲੀ ਹੋ ਜਾਂਦੀ ਹੈ। ਇਸ ਸੰਗ੍ਰਹਿ ਵਿਚ ਉਹ ਕੁਝ ਵਧੀਆ ਰਚਨਾਵਾਂ ਲੈ ਕੇ ਪਾਠਕਾਂ ਦੇ ਸਨਮੁੱਖ ਹੋਇਆ ਹੈ ਅਤੇ ਆਪਣੀ ਹਾਜ਼ਰੀ ਮਿੰਨੀ ਕਹਾਣੀ ਸਾਹਿਤ ਵਿਚ ਉਸ ਲਗਵਾਈ ਹੈ।

ਸਤਪਾਲ ਸਾਹਲੋਂ : ('ਛੋਟੀ ਲੀਕ ਤੋਂ ਪਰੇ') ਸੰਪਾਦਤ

ਸੰਪਾਦਕ ਸਾਹਲੋਂ ਨੇ ਕਾਫੀ ਉੱਦਮ ਕਰਕੇ ਹਿੰਦੀ ਦੇ ਕਾਫੀ ਲੇਖਕਾਂ ਨੂੰ ਪੰਜਾਬੀ ਵਿਚ ਉਲਥਾ ਕੇ ਪਾਠਕਾਂ ਦੇ ਸਨਮੁੱਖ ਕੀਤਾ ਹੈ। ਜੋਕਿ ਇਕ ਸ਼ਲਾਘਾਯੋਗ ਕਾਰਜ ਹੈ।

ਗੁਰਚਰਨ ਸਿੰਘ ਸੇਕ : ('ਸੰਧੂਰੀ ਕਲਮਾਂ') ਸੰਪਾਦਤ

ਕਈ ਸਾਲਾਂ ਦੀ ਘਾਲਣਾ ਉਪਰੰਤ ਸੇਕ ਨੇ ਇਸ ਮਿੰਨੀ ਕਹਾਣੀ ਸੰਗ੍ਰਹਿ ਦੀ ਸੰਪਾਦਨਾ ਕੀਤੀ ਹੈ। ਮਿੰਨੀ ਕਹਾਣੀ ਪ੍ਰਤੀ ਉਹ ਵਚਨਬੱਧ ਹੈ ਅਤੇ ਅਧਿਆਪਕ ਹੋਣ ਦੇ ਨਾਤੇ ਇਸ ਦੀਆਂ ਬਾਰੀਕੀਆਂ ਅਤੇ ਕਲਾ ਪੱਖ ਤੋਂ ਚੰਗੀ ਤਰ੍ਹਾਂ ਜਾਣੂ ਹੈ। ਉਹ ਆਪਣੀ ਮਿੰਨੀ ਕਹਾਣੀ ਵਿਚ ਪ੍ਰੀਤਕਾਤਮਕ ਸ਼ੈਲੀ ਦੀ ਵਧੇਰੇ ਵਰਤੋਂ ਕਰਦਾ ਹੈ। ਜਾਪਦਾ ਹੈ ਉਸ ਕੋਲ ਕਹਿਣ ਲਈ ਬੜਾ ਕੁਝ ਹੈ, ਜਿਹੜਾ ਉਹ ਨਿੱਕਟ ਭਵਿੱਖ ਵਿਚ ਪਾਠਕਾਂ ਨਾਲ ਸਾਂਝਾ ਕਰਨ ਜਾ ਰਿਹਾ ਹੈ।

ਹਰਪ੍ਰੀਤ ਸਿੰਘ ਰਾਣਾ : ('ਮਾਰਥੂਲ ਦੇ ਰਾਹੀਂ') ਸੰਪਾਦਤ

ਨੌਜਵਾਨ ਮਿੰਨੀ ਕਹਾਣੀਕਾਰ ਜੋ ਬੜੇ ਠਰੰਮੇ ਅਤੇ ਨਿੱਠਕੇ ਮਿੰਨੀ ਕਹਾਣੀ ਦੀ ਰਚਨਾ ਕਰੇ। ਥੋੜਾ ਪਰ ਵਧੀਆ ਲਿਖਣ 'ਚ ਯਕੀਨ ਰਖਦਾ ਹੈ। ਬਿਲਕੁਲ ਕਾਹਲ ਨਹੀ ਕਰਦਾ। ਉਸ ਤੋਂ ਢੇਰ ਚਿਰ ਮਗਰੋਂ ਲਿਖਣ ਵਾਲੇ ਲੇਖਕਾਂ ਨੇ ਆਪਣੇ ਮੌਲਿਕ ਸੰਗ੍ਰਹਿ ਛਪਵਾ ਲਏ ਪਰੰਤੂ ਉਹ ਅਜੇ ਹੋਰ ਭਲੇ-ਚੰਗੇ ਸਮਿਆਂ ਦੀ ਇਤਜ਼ਾਰ ਵਿਚ ਹੈ। ਇਕ ਸੰਗ੍ਰਹਿ "ਮਾਰਥੂਲ ਦੇ ਰਾਹੀ" ਦੀ ਸੰਪਾਦਨਾ ਉਸ ਕੀਤੀ ਹੈ। ਜਿਸ 'ਚੋਂ ਉਸਦੀ ਅਨੋਖੀ ਛਾਪ ਝਲਕੇ। ਉਸ ਦੀਆਂ ਮਿੰਨੀ ਕਹਾਣੀਆਂ ਦਾ ਮੁੱਖ ਵਿਸ਼ਾ, ਵਿਸ਼ਾਦ (Frustration) ਹੈ। ਉਹ

ਵਿਸ਼ਾਦ ਕਿਸੇ ਕਿਸਮ ਦਾ ਵੀ ਹੋ ਸਕਦਾ ਹੈ। ਮਿੰਨੀ ਕਹਾਣੀ ਨੂੰ ਉਸ ਤੋਂ ਬਹੁਤ ਸੰਭਾਵਨਾਵਾਂ ਹਨ।

ਮਨਜੀਤ ਭਗਵਾਨਪੁਰੀ : ('ਸਰਬ ਸੰਗਮ') (ਸੰਪਾਦਤ)

ਨੌਜਵਾਨ ਮਿੰਨੀ ਕਹਾਣੀਕਾਰ। ਪੂਰੀ ਆਸਥਾ-ਨਿਸ਼ਠਾ ਨਾਲ ਇਸ ਵਿਧਾ ਵਿਚ ਯੋਗਦਾਨ ਪਾ ਰਿਹਾ ਹੈ। ਉਸਨੇ ਮਿਹਨਤ-ਲਗਨ ਸਹਿਤ 'ਸਰਬ ਸੰਗਮ' ਦੀ ਸੰਪਾਦਨਾਂ ਕੀਤੀ ਹੈ। ਭਾਵੇਂ ਕਚਿਆਈਆਂ ਉਸ ਸੰਗ੍ਰਹਿ ਵਿਚ ਕਾਫੀ ਝਲਕਦੀਆਂ ਦਿਸਦੀਆਂ ਹਨ। ਪਰ ਇਸ ਨਵੇਂ ਪੁੰਗਰਦੇ ਲੇਖਕ ਦੀ ਦਾਦ ਦੇਣੀ ਬਣਦੀ ਹੈ ਕਿ ਉਸਨੇ ਇਹਨੇ ਲੇਖਕਾਂ ਨੂੰ ਇਕ ਜਗ੍ਹਾ ਇੱਕਤਰ ਕਰ ਦਿਤਾ ਹੈ। ਉਹ ਮਿੰਨੀ ਕਹਾਣੀ ਵਿਚ ਆਧੁਨਿਕ ਸੋਚ ਅਤੇ ਅਜੋਕੀ ਮਾਨਸਿਕਤਾ ਦੁਆਰਾ ਰੰਗ ਭਰਦਾ ਹੈ। ਅਜ ਦੇ ਨੌਜਵਾਨ ਦੀ ਤ੍ਰਾਸਦੀ, ਉਸਦਾ ਸੰਤਾਪ ਅਤੇ ਵਿਸ਼ਾਦ ਉਸ ਦੀਆਂ ਮਿੰਨੀ ਕਹਾਣੀਆਂ ਦੇ ਮੁੱਖ ਵਿਸ਼ੇ ਹੁੰਦੇ ਹਨ। ਮਿੰਨੀ ਕਹਾਣੀ ਦੀ ਸੰਪਾਦਨਾ ਦੇ ਖੇਤਰ ਵਿਚ ਉਕਤ ਤੋਂ ਇਲਾਵਾ, ਸ਼ਰਨ ਮੱਕੜ, ਸ਼ਿਆਮ ਸੁੰਦਰ ਦੀਪਤੀ ਤੇ ਸ਼ਿਆਮ ਸੁੰਦਰ ਅੱਗਰਵਾਲ, ਡਾ. ਜੋਗਿੰਦਰ ਨਿਰਾਲਾ, ਐਸ. ਪਰਸ਼ੋਤਮ ਅਰੋੜਾ, ਕਮਲਜੀਤ ਥਿੰਦ, ਕੇ. ਮਨਜੀਤ, ਜਿੰਦਰ ਤੇ ਨਿਰੰਜਨ ਬੋਹਾ, ਧਰਮਪਾਲ ਸਾਹਿਲ, ਰੋਸ਼ਨ ਫੂਲਵੀ, ਜਗਦੀਸ਼ ਅਰਮਾਨੀ, ਕੁਲਦੀਪ ਅਰਸੀ, ਰੌਸ਼ਨ, ਸੁਧੀਰ ਕੁਮਾਰ ਸੁਧੀਰ, ਕਰਮਵੀਰ ਸਿੰਘ, ਹਰਪ੍ਰੀਤ ਰਾਣਾ ਆਦਿ ਨੇ ਕਾਫੀ ਕੰਮ ਕੀਤਾ ਹੈ।

ਉਪਰੋਕਤ ਮਿੰਨੀ ਕਹਾਣੀ ਲੇਖਕਾਂ ਤੋਂ ਇਲਾਵਾ ਬਹੁਤੇ ਸਾਰੇ ਐਸੇ ਹਸਤਾਖਰ ਹਨ, ਜਿਨ੍ਹਾਂ ਨੇ ਮਿੰਨੀ ਕਹਾਣੀ 'ਚ ਤਾਂ ਆਪਣਾ ਪੂਰਾ ਪੂਰਾ ਯੋਗਦਾਨ ਪਾਇਆ ਹੀ ਹੈ ਪਰੰਤੂ ਕਿਤਾਬੀ ਰੂਪ 'ਚ ਸਾਹਮਣੇ ਨਹੀਂ ਆਏ। ਇਸ ਪ੍ਰਕਾਰ ਦੇ ਲੇਖਕਾਂ 'ਚ ਅਸੀਂ ਇਨ੍ਹਾਂ ਦਾ ਨਾਂ ਲੈ ਸਕਦੇ ਹਾਂ - ਹਮਦਰਦਵੀਰ ਨੌਸ਼ਹਿਰਵੀ, ਪ੍ਰੀਤਮ ਬਰਾੜ ਲੰਡੇ, ਮਹਿਤਾਬੁਦੀਨ, ਨਿਰੰਜਨ ਬੋਹਾ, ਅਤਰ ਤਰਸਿੱਕਾ, ਸੁਖਬੀਰ, ਹਰਭਜਨ ਖੇਮਕਰਨੀ, ਗੁਰਪ੍ਰੀਤ, ਜਸਬੀਰ ਢੰਡ, ਜੋਗਿੰਦਰ ਨਿਰਾਲਾ, ਦਰਸ਼ਨ ਧੰਜਲ, ਦੇਵਿੰਦਰ ਬਿਮਰਾ, ਨੂਰ ਸੰਤੋਖਪੁਰੀ, ਪਾਂਧੀ ਨਨਕਾਣਵੀ, ਬਲਬੀਰ ਪਰਵਾਨਾ, ਕੁਲਬੀਰ ਸੂਰੀ, ਭਗਵੰਤ ਰਸੂਲਪੁਰੀ, ਮੀਤ ਖੱਟੜਾ, ਰਾਮ ਸਰੂਪ ਅਣਖੀ, ਪ੍ਰੇਮ ਗੋਰਖੀ, ਸੁਰਿੰਦਰ ਮਕਸੂਦਪੁਰੀ, ਮੱਢਾਰ ਕਰਤਾਰਵੀ, ਕੇ. ਮਨਜੀਤ,

ਹਰਪ੍ਰੀਤ ਰਾਣਾ, ਦਰਸ਼ਨ ਗੋਪਾਲਪੁਰੀ, ਇੰਦਰਪਾਲ ਮਹਿਤਾ, ਕੀਰਤ ਸਿੰਘ ਕੋਹਲੀ, ਹਰਦਿਆਲ ਦਲਾਲ, ਹਰਚਰਨ ਸਿੰਘ ਕੈਂਬਲਪੁਰੀ, ਦੇਵ ਤਲਵੰਡੀ, ਸਤਵੰਤ ਸੱਪੜਾ, ਗੁਲਜ਼ਾਰ ਮਹੁੰਮਦ ਗੋਰੀਆ, ਮੁਖਤਾਰ ਗਿੱਲ, ਓਮ ਪ੍ਰਕਾਸ਼ ਗਾਸੋ, ਪਰਮਜੀਤ ਕੌਰ ਫੁੱਲ, ਹੇਮ ਰਿਸ਼ੀ, ਦਵਿੰਦਰਪਾਲ ਸਿੰਘ, ਦਵਿੰਦਰ ਪਟਿਆਲਵੀ, ਮਨਮੋਹਨ ਕੌਰ, ਪ੍ਰੋ. ਗੁਰਮੁਖ ਸਿੰਘ ਸਹਿਗਲ, ਗੁਰਪਿਆਰ ਭੱਟੀ, ਦਿਆਲ ਸਿੰਘ ਚਮਨ, ਟਿੰਪਾ ਕੰਵਲਜੀਤ ਸਿੰਘ, ਪ੍ਰੋ. ਅਮਰਜੀਤ ਕੌਰ, ਤੇਜਪਾਲ ਸਿੰਘ ਢਿਲੋਂ ਦਲੀਪ ਸਿੰਘ ਵਾਸਨ, ਮਨਪ੍ਰੀਤ ਸਿੰਘ ਆਤਿਸ਼, ਤ੍ਰਿਪਤ ਭੱਟੀ, ਸੁਰਿੰਦਰ ਸਪੇਰਾ, ਬਿੰਦਰ ਬਸਰਾ, ਰਾਜਿੰਦਰ ਬਿਮਲ, ਤਰਸੇਮ ਗੁਜਰਾਲ, ਦੇਸਰਾਜ ਕਾਲੀ, ਸਤਪਾਲ ਸਾਹਲੋਂ, ਕਮਲਜੀਤ ਥਿੰਦ, ਡਾ. ਬਲਦੇਵ ਰਾਜ ਗੁਪਤਾ, ਬਲਦੇਵ ਸਿੰਘ ਖਹਿਰਾ, ਹਰਜੀਤ ਕੌਰ, ਸੁਰਿੰਦਰ ਸਿੰਘ ਨੇਕੀ, ਮੰਗਲ ਸਿੰਘ ਭੱਟੀ, ਪਰਮਜੀਤ ਥੇੜੀ, ਪੁਸ਼ਪਾ ਨਰੂਲਾ, ਹਰਜੀਤ ਸਿੰਘ ਸੱਧਰ, ਸੰਦੀਪ ਦਾਖਾ, ਪ੍ਰੇਮ ਸਿੰਘ ਬਰਨਾਲਵੀ, ਕੁਲਦੀਪ ਸਿੰਘ ਚੇਤਨਪੁਰੀ, ਬਲਦੇਵ ਪੋਹਲੋਪੁਰੀ, ਰਾਮਦਾਸ ਚਾਹਲ, ਪ੍ਰੀਤ ਨੀਤਪੁਰ, ਬਲਵਿੰਦਰ ਸਿੰਘ ਭੰਡਾਲ, ਪੂਜਾ ਪ੍ਰਭਾਕਰ, ਤਰਲੋਕ ਮਨਸੂਰ, ਆਦਿ।

# ਪ੍ਰਕਾਸ਼ਿਤ ਮਿੰਨੀ ਕਹਾਣੀ ਸੰਗ੍ਰਹਿ (1994 ਤੱਕ)

| | | |
|---|---|---|
| 1. | ਅਮਰ ਕੋਮਲ | ਚਿਣਗਾਂ, ਵੇਦਨ ਕਹੀਏ ਕਿਸ,<br>ਅਸੀਂ ਤੁਸੀ, ਦਿਨ ਪ੍ਰਤਿ ਦਿਨ। |
| 2. | ਅਮਰਜੀਤ ਅਕੋਈ | ਨਗੀਨੇ |
| 3. | ਆਰ.ਐਸ. ਆਜ਼ਾਦ | ਸੋਚਾਂ ਦਾ ਸਾਗਰ, ਸੁਪਨਿਆਂ ਦਾ ਸੱਚ |
| 4. | ਅਵਤਾਰ ਸਿੰਘ ਬਿਲਿੰਗ | ਮੌਤ ਦੇ ਸਾਏ ਹੇਠ |
| 5. | ਅੱਵਲ ਸਰਹੱਦੀ | ਖ਼ਬਰਨਾਮਾ |
| 6. | ਸਤਵੰਤ ਕੈਂਥ | ਬਰਫ਼ੀ ਦਾ ਟੁੱਕੜਾ, ਕੀੜੀਆਂ ਦਾ ਭੌਣ,<br>ਦਸ ਰੁਪਏ, ਫੇਰ ਕੀ ਹੋਇਆ ? |
| 7. | ਸ਼ਰਨ ਮੱਕੜ | ਖੁੰਡੀਧਾਰ |
| 8. | ਸ਼ਿਆਮ ਸੁੰਦਰ ਅਗਰਵਾਲ | ਨੰਗੇ ਲੋਕਾਂ ਦਾ ਫ਼ਿਕਰ |
| 9. | ਸ਼ਿਆਮ ਸੁੰਦਰ ਦੀਪਤੀ | ਬੇੜੀਆਂ |
| 10. | ਸੁਧੀਰ ਕੁਮਾਰ ਸੁਧੀਰ | ਚੌਗਿਆੜੇ |
| 11. | ਸੁਲੱਖਣ ਮੀਤ | ਬਰਫ਼, ਬਾਹਾਂ ਉੱਤੇ ਖੁਣੇ ਨਾਂ |
| 12. | ਸ਼ੈਲਿੰਦਰ ਸਿੰਘ ਰਾਜਨ | ਕਵਿਤਾ ਸਿਸਕ ਪਈ |
| 13. | ਸੁਖਚੈਨ ਸਿੰਘ ਭੰਡਾਰੀ | ਪਿਆਸ ਬਾਕੀ ਹੈ |
| 14. | ਸੁਖਦੇਵ ਸਿੰਘ ਸ਼ਾਂਤ | ਸਿੰਮਲ ਰੁੱਖ |
| 15. | ਸੁਖਵੰਤ ਸਿੰਘ ਮਰਵਾਹਾ | ਸ਼ਿਕਵੇ |
| 16. | ਸੋਹਲ | ਚਿੜੀਆਂ ਦਾ ਚੰਬਾ |
| 17. | ਸੁਰਿੰਦਰ ਕੈਲੇ | ਬੇਕਾਰ ਘੋੜਾ, ਕੂੰਜਾਂ ਦੀ ਡਾਰ |

| | | |
|---|---|---|
| 18. | ਸ਼ਿੰਗਾਰਾ ਸਿੰਘ ਔਲਖ | ਆਪਣੇ ਪਰਾਏ |
| 19. | ਕਰਮਵੀਰ ਸਿੰਘ | ਨਿੱਕੀਆਂ ਗੱਲਾਂ-ਵੱਡੀਆਂ ਗੱਲਾਂ, ਮਾਇਆਜਾਲ |
| 20. | ਕੁਲਦੀਪ ਸਿੰਘ ਅਰਸ਼ੀ | ਰੰਗ ਬਰੰਗੀਆਂ ਕਣੀਆਂ |
| 21. | ਹਰਨੇਕ ਸਿੰਘ ਕੈਲੇ | ਐਫ.ਆਈ.ਆਰ |
| 22. | ਕ੍ਰਿਸ਼ਨ ਬੇਤਾਬ | ਪੱਤੀ-ਪੱਤੀ |
| 23. | ਗੁਰਿੰਦਰ ਬਾਦਸ਼ਾਹਪੁਰੀ | ਸ਼ਬਨਮ |
| 24. | ਗੁਰਚਰਨ ਚੌਹਾਨ | ਕੱਲਰੀ ਧਰਤੀ ਨਵੇਂ ਸਿਆੜ |
| 25. | ਗੁਰਦੀਪ ਪੁਰੀ | ਖਾਹਿਸ਼ |
| 26. | ਗੁਰਮੇਲ ਮਡਾਹੜ | ਜੁਗਨੂੰਆਂ ਦੀ ਤਲਾਸ਼ |
| 27. | ਗੁਰਮੇਲ ਵਿਰਕ | ਅਧੂਰੇ ਅੱਖਰ |
| 28. | ਜਸਵਿੰਦਰ ਤੀਰ | ਰਿਸ਼ਮਾਂ |
| 29. | ਜਗਦੀਸ਼ ਅਰਮਾਨੀ | ਕੂੜ ਫਿਰੇ ਪ੍ਰਧਾਨ, ਧੂੰਆਂ ਤੇ ਬੱਦਲ,ਇੱਕੀਵੀਂ ਸਦੀ |
| 30. | ਜਗਰੂਪ ਦਾਤੇਵਾਸ | ਅੰਗ ਸੰਗ |
| 31. | ਜਿੰਦਰ | ਨਾਅਰਾ, ਕਰੂੰਬਲਾਂ |
| 32. | ਦਰਸ਼ਨ ਮਿਤਵਾ | ਸੰਵਿਧਾਨ ਰੋਂਦਾ ਹੈ |
| 33. | ਦਲੀਪ ਸਿੰਘ ਭੂਪਾਲ | ਗ੍ਰਹਿਣੇ ਸੂਰਜ |
| 34. | ਦਵਿੰਦਰ ਮੰਡ | ਕਣੀਆਂ |
| 35. | ਧਰਮਪਾਲ ਸਾਹਿਲ | ਅੱਕ ਦੇ ਬੀਅ |
| 36. | ਬਲਦੇਵ ਸਿੰਘ ਬੀਕਾ | ਆਪੋ ਆਪਣੀ ਦਾਸਤਾਨ |
| 37. | ਬਿਕਰਮਜੀਤ ਨੂਰ | ਕਾਤਰਾਂ |
| 38. | ਭੁਪਿੰਦਰ ਸਿੰਘ | ਸੌ ਪੱਤ ਮੱਛਲੀ ਦੇ |

| | |
|---|---|
| 39. ਮੋਹਨ ਸ਼ਰਮਾ | ਪੂਜਾ, ਸੁਪਨਿਆਂ ਦੇ ਖੰਡਰ |
| 40. ਰਾਜਿੰਦਰ ਕੌਰ ਵੰਤਾ | ਪਰਵਾਸੀ ਪੰਛੀ, ਸਕਤਾ |
| 42. ਰਾਮ ਮੂਰਤ ਸਿੰਘ | ਚੇਤਨਾ |
| 43. ਰੌਸ਼ਨ | ਜ਼ਿੰਦਗੀ ਦੀਆਂ ਨਵੀਆਂ ਸੁਰਾਂ |
| 44. ਰੌਸ਼ਨ | ਨਿਸ਼ਾਨਦੇਹੀ |
| 45. ਸੁਖਮਿੰਦਰ ਸੇਖੋਂ | ਸੂਰਜ ਦਾ ਸ਼ਿਕਾਰ |
| 46. ਵਾਸਦੇਵ ਸ਼ਰਮਾ | ਕਾਲ ਚੱਕਰ |
| 47. ਇਕਬਾਲਦੀਪ | ਥੋੜ੍ਹਾ ਬੋਲਣ ਬੋਲ |

## ਸੰਪਾਦਿਤ ਸੰਗ੍ਰਹਿ

| | |
|---|---|
| 1. ਅਨੰਵਤ ਕੌਰ ਅਤੇ ਸ਼ਰਨ ਮੱਕੜ | ਅਬ ਜੂਝਣ ਕੇ ਦਾਓ |
| 2. ਐਸ. ਪਰਸ਼ੋਤਮ ਅਰੌੜਾ ਅਤੇ ਅਸ਼ੋਕ ਅਰੋੜਾ | ਅੱਧ ਵਿਆਹੇ ਮਨੁੱਖ |
| 3. ਸ਼ਿਆਮ ਸੁੰਦਰ ਦੀਪਤੀ | ਗਵਾਹੀ, ਮਿੰਨੀ ਕਹਾਣੀ ਦੇ ਚਰਚਿਤ ਹਸਤਾਖ਼ਰ, ਪਛਾਣ, ਸਿਲਸਿਲਾ, ਮਹਿਮਾਨ ਮਿੰਨੀ ਕਹਾਣੀਆਂ ਆਦਿ |
| 4. ਕਮਲਜੀਤ ਥਿੰਦ | ਸੂਰਜ ਵਾਲੀ ਦਿਸ਼ਾ |
| 5. ਕੇ. ਮਨਜੀਤ | ਇਨਸਾਨ ਵਿੱਕਦੇ ਹਨ |
| 6. ਕੁਲਦੀਪ ਸਿੰਘ ਅਰਸ਼ੀ | ਰਾਹ ਦਸੇਰੀਆਂ |
| 7. ਜਗਦੀਸ਼ ਅਰਮਾਨੀ | ਇਕ ਕਾਫਲਾ ਹੋਰ |
| 8. ਹਰਪ੍ਰੀਤ ਸਿੰਘ ਰਾਣਾ | ਮਾਰੂਥਲ ਦੇ ਰਾਹੀ |

| | |
|---|---|
| 9. ਜਿੰਦਰ ਤੇ ਨਿਰੰਜਨ ਬੋਹਾ | ਹੜਤਾਲ ਜਾਰੀ ਹੈ |
| 10. ਧਰਮਪਾਲ ਸਾਹਿਲ | ਚੁਗਿਰਦੇ ਦਾ ਦਰਦ |
| 11. ਮਨਜੀਤ ਭਗਵਾਨਪੁਰੀ | ਸਰਬ ਸੰਗਮ |
| 12. ਰੌਸ਼ਨ | ਸੂਲਾਂ |
| 13. ਰੌਸ਼ਨ ਫੂਲਵੀ | ਤਰਕਸ਼ |
| 14. ਸੁਧੀਰ ਕੁਮਾਰ ਸੁਧੀਰ | ਪੰਜਾਬੀ ਦੀਆਂ ਇਕਵੰਜਾ ਪ੍ਰਤੀਨਿਧ ਮਿੰਨੀ ਕਹਾਣੀਆਂ |
| 15. ਇੰਦਰਜੀਤ ਬਾਵਾ | ਸਾਗਰ |
| 16. ਸੁਖਵੰਤ ਸਿੰਘ ਮਰਵਾਹਾ | ਹੰਝੂ |

## ਪੰਜਾਬੀ ਵਿਚ ਅਨੁਵਾਦਿਤ ਸੰਗ੍ਰਿਹ

| ਅਨੁਵਾਦਕ | ਲੇਖਕ | ਪੁਸਤਕ |
|---|---|---|
| 1. ਰਾਮ ਸਰੂਪ ਅਣਖੀ | ਜਯੰਤਰੀ ਮਕਵਾਨਾ (ਗੁਜਰਾਤੀ) | 'ਆ ਨਾਉਂ ਦਾ ਇਨਸਾਨ |
| 2. ਸਤਪਾਲ ਸਾਹਲੋਂ | - | ਛੋਟੀ ਲਕੀਰ ਤੋਂ |
| 3. ਡਾਦੀਪਤੀ . ਅਗਰਵਾਲ | | -101 ਹਿੰਦੀ ਮਿੰਨੀ ਕਹਾਣੀਆਂ |
| 4. ਸ਼ਿਆਮ ਸੁੰਦਰ ਅਗਰਵਾਲ | ਸੁਕੇਸ਼ ਸਾਹਨੀ (ਹਿੰਦੀ) | ਡਰੇ ਹੋਏ ਲੋਕ |

## ਹਿੰਦੀ ਵਿਚ ਅਨੁਵਾਦਿਤ ਅਤੇ ਸੰਪਾਦਿਤ ਸੰਗ੍ਰਹਿ

| | |
|---|---|
| 1. ਡਾ. ਦੀਪਤੀ | ਪੰਜਾਬੀ ਲਘੂ ਕਥਾਏਂ |
| 2. ਅਸ਼ੋਕ ਭਾਟੀਆ | ਸ੍ਰੇਸ਼ਠ ਪੰਜਾਬੀ ਲਘੂ ਕਥਾਏਂ |
| 3. ਅਸ਼ਕ ਭਾਟੀਆ/ਵਿਕਰਮ ਸੋਨੀ | ਲਾਵਾ |

## ਆਲੋਚਨਾ

| | |
|---|---|
| 1. ਡਾ. ਮਹਿਤਾਬੂਦੀਨ | ਪੰਜਾਬੀ ਮਿੰਨੀ ਕਹਾਣੀ ਪ੍ਰਾਪਤੀਆਂ ਅਤੇ ਸੰਭਾਵਨਾਵਾਂ |
| 2. ਡਾ. ਅਨੂਪ ਸਿੰਘ | ਮਿੰਨੀ ਕਹਾਣੀ : ਸੀਮਾ ਤੇ ਸੰਭਾਵਨ |
| 3. ਜਗਦੀਸ਼ ਅਰਮਾਨੀ | ਪੰਜਾਬੀ ਮਿੰਨੀ ਕਹਾਣੀ : ਇਕ ਅਧਿਐਨ |

## ਰਸਾਲਿਆਂ ਦੇ ਵਿਸ਼ੇਸ਼ ਅੰਕ

| | | |
|---|---|---|
| ਅਕਸ | - | ਨਵੰਬਰ-1989 |
| ਅਣੂ | - | ਜੂਨ 1989, ਸਤੰਬਰ -1989 |
| ਸਤਿਸਾਗਰ | - | ਅਕਤੂਬਰ 1988 ਮਾਰਚ 1990, |
| ਸ਼ਬਦ | - | ਜਨਵਰੀ-1987 |
| ਜਨ ਸਾਹਿਤ | - | ਜੁਲਾਈ-1980 |
| ਮੂੰਗਾ | - | ਨਵੰਬਰ-ਦਸੰਬਰ-1987 |
| ਲਘੂ ਆਘਾਤ (ਹਿੰਦੀ) | - | ਮਾਰਚ-1987 |
| ਪਰਿਆਸ (ਹਿੰਦੀ) | - | ਜਨਵਰੀ-1989 |
| ਪੰਜਾਬ ਟੂਡੇ | - | ਮਾਰਚ-1993 |

# ਮਿੰਨੀ ਕਹਾਣੀ ਦਾ ਵਿਕਾਸ

ਮਿੰਨੀ ਕਹਾਣੀ ਨੂੰ ਅਜੋਕੇ ਯੁੱਗ ਦੀ ਲੋੜ ਕਿਹਾ ਜਾਵੇ ਤਾਂ ਕੋਈ ਅਥਿਕਥਨੀ ਨਹੀਂ ਹੋਵੇਗੀ। ਕਿਉਂਕਿ ਲੋੜ ਹੀ ਕਾਢ ਦੀ ਮਾਂ ਹੁੰਦੀ ਹੈ। (Necessity is the mother of Invention) ਇਹ ਰੂਪਾਕਾਰ ਅਜੋਕੇ ਸਮੇਂ ਦੀ ਮੰਗ ਸੀ। ਇਨਸਾਨ ਕੋਲ ਸਮਾਂ ਟੁੱਕੜਿਆਂ 'ਚ ਵੰਡਿਆ ਪਿਆ ਹੈ। ਦੂਜੀ ਗੱਲ ਇਹ ਹੈ ਕਿ ਵਧੀਆ ਅਤੇ ਚੌਂਕਾ ਦੇਣ ਵਾਲੀ ਮਿੰਨੀ ਕਹਾਣੀ ਅਜੇ ਤੱਕ ਸਾਹਮਣੇ ਕਿਉਂ ਨਹੀ ਆਈ। ਇਹ ਸਵਾਲ ਲੇਖਕ/ਆਲੋਚਕ ਅਕਸਰ ਕਰਿਆ ਕਰਦੇ ਹਨ ਕਿ ਜਦੋਂ ਵੀ ਕੋਈ ਧਮਾਕਾਖੇਜ਼ ਜਾਂ ਚੌਂਕਾ ਦੇਣ ਵਾਲੀ ਮਿੰਨੀ ਕਹਾਣੀ ਸਾਹਮਣੇ ਆਏਗੀ ਤਾਂ ਆਲੋਚਕਾਂ ਦਾ ਧਿਆਨ ਇਸ ਵਿਧਾ ਵੱਲ ਜ਼ਰੂਰ ਜਾਵੇਗਾ। ਇਸ ਬਾਰੇ ਇਹ ਲਿਖਣਾ ਉਚਿੱਤ ਹੋਵੇਗਾ ਕਿ ਜਦੋਂ ਖ਼ਲੀਲ ਜਿਬਰਾਨ, ਦਾਸਤੋਵਸਕੀ, ਲੂਸ਼ਨ, ਗੋਰਕੀ, ਟਾਲਸਟਾਏ, ਮੰਟੋ, ਬੇਦੀ ਆਦਿ ਲਘੂ ਰਚਨਾਵਾਂ ਰਚ ਰਹੇ ਸਨ ਤਾਂ ਕੀ ਉਹਦੋਂ ਉਨ੍ਹਾਂ ਨੂੰ ਉਸੇ ਸਮੇਂ ਹੀ ਮਾਨਤਾ ਮਿਲ ਗਈ ਸੀ ਜਾਂ ਕੀ ਉਨ੍ਹਾਂ ਦੀਆਂ ਸਾਰੀਆਂ ਲਘੂ-ਰਚਨਾਵਾਂ ਹੀ ਮਾਅਰਕੇ ਦੀਆਂ ਗਰਦਾਨੀਆਂ ਗਈਆਂ ਸਨ ਜਾਂ ਕੀ ਉਸ ਸਮੇਂ ਉਹ ਆਪਣੇ ਮੁਲਕ ਜਾਂ ਖਿੱਤੇ ਵਿਚ ਇਕਲੌਤੇ ਲੇਖਕ ਹੀ ਸਨ, ਉਸ ਸਮੇਂ ਉਨ੍ਹਾਂ ਦਾ ਕੋਈ ਸਮਕਾਲੀ ਲੇਖਕ ਨਹੀਂ ਸੀ? ਹੌਲੀ ਹੌਲੀ ਹਲਕੇ ਲੇਖਕ ਝੜ ਗਏ ਤੇ ਉਹ ਸਿਤਾਰੇ ਵਾਂਗ ਚਮਕਦੇ ਰਹੇ। ਸਮਾਂ ਪਾ ਕੇ ਰਚਨਾ ਅਤੇ ਰਚਨਾਕਾਰ ਦਾ ਸਹੀ ਮੁੱਲ ਪਿਆ ਹੀ ਕਰਦਾ ਹੈ। ਅੰਗ੍ਰੇਜ਼ੀ ਦੇ ਪ੍ਰਸਿੱਧ ਆਲੋਚਕ, ਟੀ.ਐਸ. ਈਲੀਅਟ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਰਚਨਾ ਦਾ ਸਹੀ ਮੁੱਲ ਕਦੇ ਵੀ ਲੇਖਕ ਦੇ ਸਮਕਾਲੀ ਆਲੋਚਕ ਨਹੀਂ ਪਾ ਸਕਦੇ। ਸਹੀ ਮੁਲਾਂਕਣ ਉਸ ਤੋਂ ਅਗਲੀ ਪੀੜ੍ਹੀ ਦੇ ਆਲੋਚਕ ਹੀ ਕਰ ਸਕਦੇ ਹਨ, ਕਿਉਂਕਿ ਸਮਕਾਲੀ ਆਲੋਚਕ ਦੇ ਸਾਹਮਣੇ ਰਚਨਾ ਨਹੀਂ ਰਚਨਾਕਾਰ ਖੜਾ ਹੁੰਦਾ ਹੈ, ਜੋ ਉਸਦਾ ਯਾਰ ਵੀ ਹੋ ਸਕਦਾ ਹੈ, ਦੁਸ਼ਮਣ ਵੀ, ਉਸਦੇ ਗੁੱਟ ਦਾ ਵੀ ਹੋ ਸਕਦਾ ਹੈ ਅਤੇ ਦੂਜੇ ਗੁੱਟ ਦਾ ਵੀ, ਉਸੇ ਪੈਮਾਨੇ ਜਾਂ ਕਸਵੱਟੀ ਉਤੇ ਉਸਦੀ ਆਲੋਚਨਾ ਹੋਵੇਗੀ। ਹਰੇਕ ਲਿਖਾਰੀ ਦੀ ਕੋਈ ਇਕ-ਅੱਧ ਰਚਨਾ ਹੀ ਮਾਸਟਰਪੀਸ ਹੋਇਆ ਕਰਦੀ ਹੈ। ਉਸ ਦੁਆਰਾ ਰਚਿਆ ਸਾਰਾ ਦਾ ਸਾਰਾ ਸਾਹਿਤ ਮਾਸਟਰਪੀਸ ਜਾਂ ਅੱਵਲ ਦਰਜੇ ਦਾ ਨਹੀਂ ਹੋ ਸਕਦਾ। ਜਿਸ ਲੇਖਕ ਦੀ ਰਚਨਾ ਵਿਚ ਦੰਮ ਹੋਵੇਗਾ, ਉਹੀ ਅੱਗੇ ਆ ਪਾਏਗਾ, ਬਾਕੀ

ਪਿੱਛੇ ਰਹਿ ਜਾਣਗੇ। ਜਾਂ ਉਨ੍ਹਾਂ ਦੀ ਰਚਨਾ ਸਦੀਵੀ ਮੁੱਲ ਨਹੀਂ ਪਾ ਸਕੇਗੀ, ਜਿਸਦਾ ਨਿਰਣਾ ਸਮੇਂ ਦੇ ਨਾਲ ਹੋ ਹੀ ਜਾਣਾ ਹੁੰਦਾ ਹੈ। ਕਈ ਵਾਰ ਇਹਨਾਂ ਕੂੜਾ-ਕਰਕਟ ਪਿਆ ਹੁੰਦਾ ਹੈ ਕਿ ਉਸ 'ਚ ਪਿਆ ਹੀਰਾ ਜਾਂ ਜਵਾਹਰਾਤ ਵੀ ਨਹੀ ਲੱਭਦਾ, ਥੱਲੇ ਹੀ ਦੱਬਿਆ ਪਿਆ ਰਹਿੰਦਾ ਹੈ। ਜਦੋਂ ਸਮਾਂ ਪੈਣ ਤੇ ਕੂੜਾ-ਕਰਕਟ ਗਲ-ਸੜ ਜਾਂਦਾ ਹੈ ਜਾਂ ਜਾਨਵਰ ਮੂੰਹ ਮਾਰਦੇ, ਖਾਂਦੇ-ਖਿੰਡਾਂਦੇ ਇਧਰ ਉਧਰ ਕਰ ਦਿੰਦੇ ਹਨ ਤਾਂ ਉਹ ਹੀਰਾ ਵੀ ਥੱਲਿਉਂ ਚਮਕਣ ਲਗ ਪੈਂਦਾ ਹੈ, ਤੇ ਆਪਣੀ ਆਭਾ ਸਹਿਤ ਸਭ ਨੂੰ ਆਪਣੇ ਵੱਲ ਆਕਰਸ਼ਿਤ ਕਰ ਲੈਂਦਾ ਹੈ। ਮਿੰਨੀ ਕਥਾਕਾਰਾਂ ਨੂੰ ਵੀ ਬਹੁਤ ਸੁਚੇਤ ਹੋਣ ਦੀ ਲੋੜ ਹੈ। ਬਹੁਤ ਨਿਰਖਰ ਲੱਖ ਕੇ ਕੋਈ ਰਚਨਾ ਛੱਪਣ ਲਈ ਭੇਜਣੀ ਬਣਦੀ ਹੈ। ਨਵੇਂ ਪੁੰਗਰਦੇ ਲੇਖਕਾਂ ਨੂੰ ਇਸ ਸਿਨਫ਼ ਵੱਲ, ਇਸ ਹੋੜ ਨਾਲ ਸ਼ਾਮਿਲ ਨਹੀਂ ਹੋਣਾ ਚਾਹੀਦਾ ਕਿ ਇਹ ਨਵੀਂ ਵਿਧਾ ਜਾ ਰੂਪਕਾਰ ਹੈ, ਇਸ ਲਈ ਛੇਤੀ ਨਾਲ ਪ੍ਰਸਿੱਧੀ ਮਿਲ ਜਾਵੇਗੀ। ਅਰਥਾਤ ਪੰਜਾਬੀ ਸਾਹਿਤ ਦੇ ਇਤਹਾਸ ਵਿਚ ਨਾਂ ਦਰਜ ਹੋ ਜਾਵੇਗਾ। ਇਹ ਕੋਈ ਨਵੇਂ ਅਤੇ ਸਸਤੇ ਰੇਟ ਤੇ ਕੱਟੇ ਜਾ ਰਹੇ ਪਲਾਟਾਂ ਵਾਲੀ ਗੱਲ ਨਹੀਂ ਕਿ ਪਹਿਲ ਦੇ 'ਆਧਾਰ 'ਤੇ (ਫ਼ਸਟ-ਕਮ-ਫ਼ਸਟ) ਰਜਿਸਟਰੀ ਕਰਵਾ ਲਈ ਜਾਵੇ। ਬਾਅਦ ਵਿਚ ਨਫ਼ਾ ਹੀ ਨਫ਼ਾ ਰਹਿਣ ਦਾ ਖਿਆਲ ਸਾਹਮਣੇ ਹੋਵੇ। ਅਜਿਹਾ ਸੋਚਣਾ ਬਿਲਕੁਲ ਗ਼ਲਤ ਹੈ।

ਇਸ ਵਿਧਾ ਜਾਂ ਸਾਹਿਤ ਰੂਪ ਪ੍ਰਤੀ ਆਲਚੋਕਾਂ ਦਾ ਵਤੀਰਾ ਨਾਂ-ਪੱਖੀ ਹੋਣ ਦੇ ਕੁਝ ਕਾਰਣ ਤਾਂ ਤਰਕਪੂਰਣ ਹਨ ਕਿ ਲੇਖਕ ਧੜਾਧੜ ਕਿਤਾਬਾਂ ਛਪਵਾਈ ਜਾ ਰਹੇ ਹਨ। ਧੜਾਧੜ ਅਖਬਾਰਾਂ ਰਸਾਲਿਆਂ ' ਚ ਛਪੀ ਜਾ ਰਹੇ ਹਨ, ਜਿਵੇਂ ਕ੍ਰਿਕਟ ਦਾ ਕੋਈ ਸਕੋਰ ਹੋਵੇ। ਜੋ ਕਿ ਸਕੋਰ-ਬੋਰਡ ਤੇ ਵੱਧਦਾ ਹੀ ਜਾਣਾ ਚਾਹੀਦਾ ਹੈ। ਜਿਸ ਵਿਚ ਬਹੁਤਾ ਕੱਚਰਾ ਹੀ ਹੁੰਦਾ ਹੈ, ਸਤਹੀ ਪੱਧਰ ਦਾ। ਲਤੀਫਿਆਂ, ਬੁਝਾਰਤਾਂ, ਸਾਧਾਰਣ ਗੱਲਾਂ, ਖਬਰਾਂ ਆਦਿ ਨੂੰ ਹੀ ਮਿੰਨੀ ਕਹਾਣੀ ਦਾ ਨਾਂ ਦੇ ਦਿੱਤਾ ਜਾਂਦਾ ਹੈ, ਜੋਕਿ ਬਿਲਕੁਲ ਵੀ ਦਰੁਸਤ ਨਹੀਂ। ਪਰੰਤੂ ਕਈ ਵਾਰ ਲਗਦਾ ਹੈ ਜਿਵੇਂ ਕੁਝ ਆਲੋਚਕਾਂ ਨੇ ਇਹ ਧਾਰਨਾ ਹੀ ਬਣਾਈ ਹੁੰਦੀ ਹੈ ਕਿ ਉਨ੍ਹਾਂ ਨੇ ਹਾਂ-ਪੱਖੀ ਆਲੋਚਨਾ ਕਰਨੀ ਹੀ ਨਹੀਂ ਜਾਂ ਆਲੋਚਨਾਂ ਕਰਦੇ ਸਮੇਂ ਨੈਗੇਟਿਵ ਅਪਰੋਚ ਹੀ ਬਣਾਈ ਰਖਣੀ ਹੈ, ਕਿਤੇ ਵੀ ਪਾਜ਼ਿਟਿਵ ਪਹਿਲੂ ਉਜਾਗਰ ਹੀ ਨਹੀਂ ਕਰਨਾ। ਉਨ੍ਹਾਂ ਨੂੰ ਸਾਰੇ ਪਾਸੇ ਉਜਾੜ ਹੀ ਉਜਾੜ, ਬੰਜਰ ਹੀ ਬੰਜਰ ਦਿਖਾਈ ਦਿੰਦਾ ਹੈ, ਕਿਤੇ ਕੋਈ ਹਰਿਆਵਲ, ਕਿਤੇ ਕੋਈ ਫੁੱਲ ਨਜ਼ਰੀਂ ਹੀ ਨਹੀਂ ਪੈਂਦਾ ਜਾਂ ਜਾਣ-ਬੁੱਝ ਕੇ ਦੇਖਣਾ ਹੀ ਨਹੀਂ ਚਾਹੁੰਦੇ ਤੇ ਅੱਖਾਂ ਮੀਚ ਲੈਂਦੇ ਹਨ।

ਇਸ ਵਿਧਾ ਲਈ ਇਹ ਬੜੀ ਉਤਸ਼ਾਹਜਨਕ ਗੱਲ ਹੈ ਕਿ ਨਵੀਂ ਪੀੜ੍ਹੀ ਦੇ ਪੰਜਾਬੀ ਆਲੋਚਕ ਇਸ ਵਿਧਾ ਦੀ ਅਹਿਮੀਅਤ ਨੂੰ ਭਲੀਭਾਂਤ ਸਮਝਦੇ ਹੋਏ ਅਤੇ ਇਸ ਨੂੰ ਪੂਰੀ ਮਾਨਤਾ ਦਿੰਦੇ ਹੋਏ ਇਸਦੀ ਹਾਂ-ਪੱਖੀ ਅਤੇ ਬੈਲੈਂਸਡ ਆਲੋਚਨਾ ਕਰਨ ਲਗ ਪਏ ਹਨ।

ਪੰਜਾਬੀ ਮਿੰਨੀ ਕਹਾਣੀ ਦੇ ਪਿਤਾਮਾਂ ਦੀ ਗੱਲ ਉੱਤੇ ਬੜੇ ਝਗੜੇ-ਝੇੜੇ ਹੋ ਰਹੇ ਹਨ ਕਿ ਇਸਦਾ ਅਸਲ ਲੱਕੜਦਾਦਾ ਕਿਹੜਾ ਹੈ। ਕਈ ਇਸਦੇ ਅਖੌਤੀ ਪਿਤਾਮਾਂ ਵੀ ਬਣ ਬੈਠੇ ਹਨ। ਜੇਕਰ ਅਸੀਂ ਪੰਜਾਬੀ ਮਿੰਨੀ ਕਹਾਣੀ ਦੀ ਪ੍ਰਥਮ ਪ੍ਰਕਾਸ਼ਨਾਂ ਪੁਸਤਕ-ਰੂਪ ਵਿਚ ਦੇਖਣੀ ਹੋਵੇ ਤਾਂ ਉਹ 'ਬਰਫੀ ਦਾ ਟੁੱਕੜਾ' ਰਚਿਤ ਸਤਵੰਤ ਕੈਂਥ ਹੀ ਹੈ, ਹੋਰ ਕੋਈ ਨਹੀਂ। ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ। ਇਹ ਵੱਖਰੀ ਗੱਲ ਹੈ ਕਿ ਉਸਦਾ ਮਿਆਰ ਜਾਂ ਪੱਧਰ ਕੀ ਹੈ। ਰਹੀ ਗੱਲ ਪਹਿਲੀ ਮਿੰਨੀ ਕਹਾਣੀ ਦੀ ਪ੍ਰਕਾਸ਼ਨਾਂ ਸਬੰਧੀ ਇਸ ਬਾਰੇ ਅਜੇ ਕੋਈ ਠੋਸ ਸਬੂਤ ਸਾਡੇ ਸਾਹਵੇਂ ਨਹੀਂ ਹਨ। ਕਿਉਂਕਿ ਬਿਸ਼ਨ ਸਿੰਘ ਉਪਾਸ਼ਕ, ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਅਮਰ ਸਿੰਘ ਕਬਰਪੁੱਟ ਆਦਿ ਨੇ ਢੇਰ ਚਿਰ ਪਹਿਲਾਂ ਇਸੇ ਰੂਪ ਵਰਗੀ (ਮਿੰਨੀ ਕਹਾਣੀ ਦਾ ਉਹਦੋਂ ਨਾਮਕਰਣ ਨਹੀਂ ਸੀ ਹੋਇਆ) ਚੀਜ਼ ਲਿਖੀ ਸੀ, ਜਿਹੜੀ ਮਿੰਨੀ ਕਹਾਣੀ ਦੇ ਸੌ ਪ੍ਰਤੀਸ਼ਤ ਨੇੜੇ ਢੁੱਕਦੀ ਹੈ। ਲੇਖਕਾਂ ਨੇ ਉਨ੍ਹਾਂ ਉੱਤੇ ਖਿਆਲ-ਵਿਚਾਰ ਆਦਿ ਜਾਂ ਕੁਝ ਵੀ ਨਾ ਲਿਖਕੇ ਸਾਰ ਲਿਆ ਸੀ। ਪਰੰਤੂ ਅਜ ਜ਼ਮਾਨਾ ਸਰਟੀਫਿਕੇਟ ਦਾ ਹੈ, ਜਦੋਂ ਤੱਕ ਕੋਈ ਤਸਦੀਕ ਨਾ ਕਰੇ ਕਿ ਇਹ ਪੁਸਤਕ ਜਾਂ ਰਚਨਾ ਕਿਹੜੀ ਵਿਧਾ ਦੀ ਹੈ, ਉਹਦੋਂ ਤੱਕ ਉਸਨੂੰ ਉਸ ਵਿਧਾ ਵਿਚ ਸ਼ਮੂਲੀਅਤ ਨਹੀਂ ਮਿਲ ਸਕਦੀ। ਇਹ ਵੱਖਰੀ ਗੱਲ ਹੈ ਕਿ ਲੇਬਲ ਭਾਵੇਂ ਮਿੰਨੀ ਕਹਾਣੀ ਦਾ ਹੋਵੇ ਅਤੇ ਵਿਚ ਲਤੀਫ਼ੇ, ਵਿਚਾਰ ਜਾਂ ਗੱਲਾਂ ਹੀ ਭਰਤੀ ਕੀਤੀਆਂ ਗਈਆਂ ਹੋਣ, ਸਾਡੇ ਕੁਝ ਲੇਖਕ-ਵੀਰਾਂ ਦੀ ਇਹ ਤ੍ਰਾਸਦੀ ਹੈ। ਸਾਰਾ ਕੁਝ ਕਿਸੇ ਦਾ ਵੀ ਉੱਤਮ ਨਹੀਂ ਹੁੰਦਾ, ਕਈਆਂ ਨੂੰ ਇਹ ਵੀ ਭਰਮ ਹੁੰਦਾ ਹੈ ਕਿ ਉਹ ਜੋ ਲਿਖਦੇ ਹਨ, ਉਹ ਚੰਦਰਧਰ ਸ਼ਰਮਾ ਗੁਲੇਰੀ ਦੀ ਇਕੋ ਕਹਾਣੀ 'ਉਸਨੇ ਕਹਾ ਥਾ' ਵਰਗਾ ਸਰਵਸ੍ਰੇਸ਼ਠ ਹੁੰਦਾ ਹੈ। ਪਰੰਤੂ ਇਹ ਵੀ ਨਹੀਂ ਹੋਣਾ ਚਾਹੀਦਾ ਕਿ ਪੁਸਤਕ ਪੜ੍ਹਦੇ ਸਮੇਂ ਦਾਲ ਦਾ ਕੋਈ ਦਾਣਾ ਹੀ ਨਾ ਲੱਭੇ, ਸ਼ੋਰਬਾ ਹੀ ਸ਼ੋਰਬਾ ਦਿੱਸੇ।

ਅਜੋਕਾ ਮਿੰਨੀ ਕਹਾਣੀਕਾਰ ਸ਼ੁਹਰਤ ਦਾ ਇੰਨਾ ਭੁੱਖਾ ਹੋ ਰਿਹਾ ਹੈ ਕਿ ਉਹ ਰਾਤੋਂ ਰਾਤ ਬੁਲੰਦੀਆਂ ਨੂੰ ਛੁਹਣਾ ਚਾਹੁੰਦਾ ਹੈ। ਇਸ ਦੌੜ ਲਈ ਉਹ ਸ਼ਾਰਟ-ਕੱਟ ਤਰੀਕੇ ਅਪਨਾ ਰਿਹਾ ਹੈ। ਮਸਲਨ ਕਿਸੇ ਨਿੱਕੇ ਪਰਚੇ ਨਾਲ ਸਿੱਟੀ-ਪਿੱਟੀ ਕਰਕੇ ਆਪਣੇ ਵਿਸ਼ੇਸ-ਅੰਕ ਕੱਢਵਾ ਰਿਹਾ ਹੈ, ਚਾਹੇ ਉਸ ਅੰਕ ਦਾ ਸਾਰਾ ਖਰਚਾ ਉਸੇ ਨੂੰ ਤਾਰਨਾ ਪਵੇ, ਇਹ ਵੀ ਉਸਨੂੰ

ਮੰਜ਼ੂਰ ਹੈ। ਚਾਰ ਦੋਸਤਾਂ-ਮਿੱਤਰਾਂ ਕੋਲੋਂ ਆਪਣੇ ਹੱਕ ' ਚ ਕੁਝ ਸਤਰਾਂ, ਕੁਝ ਲੇਖ ਲਿਖਵਾ ਲੈਣਾ ਅਤੇ ਮੁੱਖ ਪੰਨੇ ਤੇ ਆਪਣੀ ਫੋਟੋ ਛਪਵਾ ਲੈਣਾ,ਇਸ ਨਾਲ ਆਪਣੀ 'ਮੈਂ' ਦੀ ਤ੍ਰਿਪਤੀ ਕੀਤੀ ਜਾ ਰਹੀ ਹੈ। ਇਸ ਹਲਕੀ ਅਤੇ ਸਸਤੀ ਸ਼ੁਹਰਤ ਦਾ ਫੈਸ਼ਨ ਜਿਹਾ ਚਲ ਪਿਆ ਹੈ। ਜਿਹੜਾ ਕਿ ਨਵੇਂ ਲੇਖਕਾਂ ਲਈ ਮਾਰੂ ਸਾਬਿਤ ਹੋ ਸਕਦਾ ਹੈ। ਜੇਕਰ ਕੋਈ ਪਰਚਾ ਕਿਸੇ ਸਥਾਪਿਤ ਲੇਖਕ ਬਾਰੇ ਆਪਣੇ ਪੱਧਰ ਤੇ ਵਿਸ਼ੇਸ਼ ਅੰਕ ਕੱਢਦਾ ਹੈ ਤਾਂ ਉਹ ਗੱਲ ਵੱਖਰੀ ਹੈ ਅਤੇ ਮਾਣ-ਸਤਿਕਾਰ ਵਾਲੀ ਵੀ ਹੈ।

ਮਿੰਨੀ ਕਹਾਣੀਕਾਰਾਂ ਵਿਚ ਇਹ ਵੀ ਦੌੜ ਲਗ ਰਹੀ ਹੈ ਕਿ ਦਬਾਦਬ ਸੰਗ੍ਰਹਿ ਛਪਵਾ ਲਿਆ ਜਾਵੇ ਅਤੇ ਉਸ ਤਾਲਿਕਾ-ਸੂਚੀ ਵਿਚ ਨਾਂ ਦਰਜ ਕਰਾ ਲਿਆ ਜਾਵੇ, ਜਿਸ ਵਿਚ ਅਜੇ ਬੜੀਆਂ ਸੰਭਾਵਨਾਵਾਂ ਹਨ। ਇਸਤੋਂ ਇਲਾਵਾ ਜਿਨ੍ਹਾਂ ਦੇ ਪਹਿਲਾਂ ਇਕ ਦੋ ਸੰਗ੍ਰਹਿ ਛੱਪ ਚੁੱਕੇ ਹਨ, ਉਹ ਫਟਾਫਟ ਹੋਰ ਪੁਸਤਕਾਂ ਛਪਵਾ ਰਹੇ ਹਨ। ਇਹ ਕੋਈ ਹਾਂਪੱਖੀ ਜਾਂ - ਉਸਾਰੂ ਸੋਚ ਨਹੀਂ ਕਹੀ ਜਾ ਸਕਦੀ। ਗਿਣਾਤਮਕ ਨਾਲੋਂ ਗੁਣਾਤਮਕ ਚੀਜ਼ ਦਾ ਵਧੇਰੇ ਮੁੱਲ ਪੈਂਦਾ ਹੈ। ਇਸ ਗੱਲ ਵੱਲ ਲੇਖਕਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਇਹ ਗੱਲ ਵੀ ਅਕਸਰ ਕਹੀ ਜਾਂਦੀ ਹੈ ਕਿ ਮਿੰਨੀ ਕਹਾਣੀ ਦੀ ਗਤੀ ਜਾਂ ਚਾਲ ਉਸਦੀ ਚੁੱਸਤ ਵਾਰਤਾਲਾਪ ਰਾਹੀਂ ਹੀ ਆ ਸਕਦੀ ਹੈ। ਇਹ ਗੱਲ ਕਾਫੀ ਦਰੁਸੱਤ ਹੈ, ਜਿਵੇਂ ਕਿ ਸ਼ਿਆਮ ਸੁੰਦਰ ਦੀਪਤੀ ਆਪਣੀਆਂ ਬਹੁਤੀਆਂ ਮਿੰਨੀ ਕਹਾਣੀਆਂ ਵਿਚ ਆਪਣੀ ਗੱਲ ਕਹਿਣ ਲਈ ਵਾਰਤਾਲਾਪ ਦਾ ਸਹਾਰਾ ਲੈਂਦਾ ਹੈ ਪਰੰਤੂ ਕਈ ਵਾਰ ਵਾਰਤਾਲਾਪ ' ਚੋਂ ਪਾਠਕਾਂ ਨੂੰ ਇੰਜ ਮਹਿਸੂਸ ਹੁੰਦਾ ਹੈ ਕਿ ਇਸ ਵਿਚਲਾ ਕਹਾਣੀ-ਰਸ ਜਾਂ ਕਥਾ-ਰਸ ਮਿਸਿੰਗ ਹੈ, ਉਹ ਸੋਚਦਾ ਹੈ ਕਿ ਕਹਾਣੀ ਕਿਥੇ ਹੈ, ਇਹ ਤਾਂ ਸਾਧਾਰਣ ਜਿਹੀ ਗੱਲ ਹੀ ਲੇਖਕ ਨੇ ਬਿਆਨ ਕਰ ਦਿਤੀ ਹੈ, ਜਿਹੜੀ ਕਿ ਆਮ ਜ਼ਿੰਦਗੀ ' ਚ ਨਿੱਤ ਹਰੇਕ ਨਾਲ ਕੋਈ ਨਾ ਕੋਈ ਵਾਪਰਦੀ ਹੀ ਰਹਿੰਦੀ ਹੈ। ਵਾਰਤਲਾਪ ਜ਼ਰੂਰ ਹੋਵੇ ਪਰ ਕਹਾਣੀ ਵੀ ਲਾਜ਼ਮੀ ਤੌਰ ਤੇ ਹੋਵੇ। ਕਈ ਵਾਰ ਦੀਪਤੀ ਵਾਰਤਾਲਾਪ ਨੂੰ ਕਹਾਣੀ ਵਿਚ ਬਹੁਤ ਵਧੀਆ ਢੰਗ ਨਾਲ ਪੇਸ਼ ਕਰਦਾ ਹੈ। ਮਸੱਲਨ ਉਸਦੀ ਮਿੰਨੀ ਕਹਾਣੀ “ਹੱਦ” ਵਿਚ ਵਾਰਤਾਲਾਪ ਸਿਖ਼ਰ ਤੇ ਹੈ।

ਫਿਲਮੀ ਸਕਰਿਪਟ ਜਾਂ ਸੀਰੀਅਲ ਦੀ ਸਕਰਿਪਟ ਵਾਸਤੇ ਤਾਂ ਡਾਇਲੱਗ ਅਰਥਾਤ ਵਾਰਤਾਲਾਪ ਲਾਜ਼ਮੀ ਗੁਣ ਹੈ ਜਾਂ ਕਹਿ ਲਓ ਕਿ ਰੀੜ੍ਹ ਦੀ ਹੱਡੀ ਹੈ, ਪਰੰਤੂ ਮਿੰਨੀ ਕਹਾਣੀ ਨਿਰਸੰਦੇਹ, ਵਾਰਤਾਲਾਪ ਤੋਂ ਬਿਨਾਂ ਵੀ ਸਸ਼ੱਕਤ ਹੋ ਸਕਦੀ ਹੈ, ਬਿਆਨੀਆਂ ਸ਼ੈਲੀ ਵਿਚ ਨਾਟਕ ਜਾਂ ਇਕਾਂਗੀ ਦਾ ਕੈਨਵਸ ਵੱਡਾ ਹੁੰਦਾ ਹੈ, ਜਿਥੇ ਮੁਕੰਮਲ ਕਥਾ-ਰਸ ਵੀ ਸ਼ਾਮਿਲ

ਹੁੰਦਾ ਹੈ, ਪਾਤਰ-ਚਿਤਰਣ ਵੀ ਹੁੰਦਾ ਹੈ ਅਤੇ ਵਾਰਤਾਲਾਪ ਤਾਂ ਹੁੰਦਾ ਹੀ ਹੁੰਦਾ ਹੈ, ਜਿਹੜਾ ਕਿ ਉਸਦੀ ਚੂਲ ਹੈ। ਇਕੋ ਜਿਹੇ ਵਿਸ਼ੇ ਲੈ ਕੇ ਲਿਖਣ ਵਾਲਾ ਕਥਾਕਾਰ ਕਦੇ ਵੀ ਕਾਮਯਾਬ ਨਹੀਂ ਹੋ ਸਕਦਾ। ਉਹ ਟਾਈਪਡ-ਕਥਾਕਾਰ ਹੋ ਕੇ ਰਹਿ ਜਾਵੇਗਾ ਅਤੇ ਪੜ੍ਹਨ ਵਾਲੇ ਨੂੰ ਬੋਰ ਲਗਣ ਲਗ ਜਾਵੇਗਾ। ਰਚਨਾਵਾਂ ਵਿਚ ਵਿਵਿਧਤਾ ਹੋਣਾ ਵੀ ਲਾਜ਼ਮੀ ਗੁਣ ਹੈ। ਫ਼ਿਲਮਾਂ ਵਿਚ ਵੀ ਜੇਕਰ ਕੋਈ ਕਲਾਕਾਰ ਇਕੋ ਜਿਹੇ ਰੋਲ ਅਦਾ ਕਰਦਾ ਹੈ, ਤਾਂ ਉਸ ਉੱਤੇ ਲੇਬਲ ਲਗ ਜਾਂਦਾ ਹੈ ਕਿ ਫਲਾਂ ਐਕਟਰ ਬਾਪ ਦਾ ਰੋਲ ਜਾਂ ਬਦਮਾਸ਼ ਦਾ ਰੋਲ ਜਾਂ ਸਾਊ ਜਿਹੇ ਮਰਦ ਦਾ ਰੋਲ ਜਾਂ ਐਂਗਰੀ-ਮੈਨ ਦਾ ਰੋਲ ਹੀ ਕਰ ਸਕਦਾ ਹੈ। ਕਲਾਕਾਰਾਂ ਦੀ ਵੀ ਪੂਰੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣੇ ਉੱਤੇ ਇਹ ਟਾਈਪਡ ਹੋਣ ਦਾ ਲੇਬਲ ਨਾ ਹੀ ਲਗਣ ਦੇਣ। ਉਹ ਵੀ ਵੰਨ-ਸੁਵੰਨੇ, ਭਿੰਨ ਭਿੰਨ ਰੋਲ ਲੈਣਾ ਅਤੇ ਕਰਨਾ ਪਸੰਦ ਕਰਦੇ ਹਨ, ਤਾਂਕਿ ਦਰਸ਼ਕਾਂ ਵਿਚ ਉਨ੍ਹਾਂ ਦੀ ਸਾਖ਼ ਦੇਰ ਤੱਕ ਬਣੀ ਰਹੇ। ਇਕੋ ਵਿਸ਼ੇ ਦਾ ਕੱਦੂ-ਕੱਸ ਕਰੀ ਜਾਣਾ ਬਹੁਤਾ ਠੀਕ ਨਹੀਂ ਹੁੰਦਾ। ਇਹੋ ਜਿਹੇ ਲੇਬਲ ਰੌਸ਼ਨ ਫੂਲਵੀ, ਭੁਪਿੰਦਰ ਸਿੰਘ, ਸਤਵੰਤ ਕੈਂਥ, ਆਦਿ ਤੇ ਲਗ ਚੁੱਕੇ ਹਨ ਕਿ ਫੂਲਵੀ ਤਾਂ ਬਚਨਾਂ ਜਾ ਉਪਦੇਸ਼ਕ ਸੂਕਤੀਆਂ ਵਰਗੀ ਗੱਲ ਆਪਣੀ ਮਿੰਨੀ ਕਹਾਣੀ ਵਿਚ ਕਰਦਾ ਹੈ, ਜਿਸ ਵਿਚੋਂ ਕਥਾ-ਰਸ ਜਾਂ ਕਲਾਤਮਕਤਾ ਗਾਇਬ ਹੁੰਦੀ ਹੈ। ਭੁਪਿੰਦਰ ਸਿੰਘ ਦੀਆਂ ਬਹੁਤੀਆਂ ਮਿੰਨੀ ਕਹਾਣੀਆਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਚੁਟਕਲਿਆਂ ਅਰਥਾਤ ਲਤੀਫਿਆਂ ਦੇ ਬਹੁਤ ਨੇੜੇ ਹੁੰਦੀਆਂ ਹਨ, ਕੈਂਥ ਬਾਰੇ ਇਹ ਆਖਿਆ ਜਾਂਦਾ ਹੈ ਕਿ ਉਹ ਔਰਤ ਨੂੰ ਸਿਰਫ ਸੈਕਸ-ਸਿੰਬਲ ਹੀ ਸਮਝਦਾ ਹੈ, ਉਸ ਤੋਂ ਉਪਰ ਕੁਝ ਨਹੀਂ। ਹਮਦਰਦਵੀਰ ਨੌਸ਼ਹਿਰਵੀ ਬਾਰੇ ਕਿਹਾ ਜਾਂਦਾ ਹੈ ਕਿ ਉਸ ਦੀਆਂ ਕਹਾਣੀਆਂ ਦੇ ਸਿਰਲੇਖ ਖਾਸੇ ਹੀ ਲੰਬੇ ਹੁੰਦੇ ਹਨ।

ਇਹਨਾਂ ਲੇਬਲਾਂ ਤੋ ਬਚਣਾ ਚਾਹੀਦਾ ਹੈ। ਆਪਣੀ ਰਚਨਾ ਵਿਚ ਵਿਸ਼ਿਆਂ ਦੀ ਵੰਨ-ਸੁਵੰਨਤਾ ਲਿਆਉਣੀ ਜ਼ਰੂਰੀ ਹੈ। ਵਿਸ਼ਿਆਂ ਨੂੰ ਇਹਨਾ ਹਲਕਾ ਫੁਲਕਾ ਵੀ ਨਹੀਂ ਬਨਾਉਣਾ ਚਾਹੀਦਾ ਹੈ ਕਿ ਕਿ ਉਹ ਕਿਸੇ ਹੋਰ ਰੂਪ ਦੇ ਹੀ ਨੇੜੇ ਜਾਪਣ ਲੱਗ ਪੈਣ। ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਮਿੰਨੀ ਕਹਾਣੀ ਦਾ ਭਵਿੱਖ ਉਜਵੱਲ ਹੈ ਤੇ ਉਜਵੱਲ ਰਹੇਗਾ। ਇਹ ਇਕ ਮੁਕੰਮਲ ਵਿਧਾ ਹੈ ਅਤੇ ਇਸਦਾ ਕਿਸੇ ਹੋਰ ਵਿਧਾਂ ਨਾਲ ਕੋਈ ਸਰੋਕਾਰ ਜਾਂ ਲੈਣ-ਦੇਣ ਨਹੀਂ ਹੈ। ਇਹ ਨਾ ਤਾਂ ਨਿੱਕੀ ਕਹਾਣੀ, ਨਾ ਹੀ ਨਾਵਲੈੱਟ ਅਤੇ ਨਾ ਹੀ ਨਾਵਲ ਵਿਚੋਂ ਨਿਕਲੀ ਹੈ। ਇਹ ਸਾਹਿਤ ਦਾ ਬਿਲਕੁਲ ਆਜ਼ਾਦ ਅਤੇ ਸੁਤੰਤਰ ਫਾਰਮ ਹੈ, ਜਿਸ ਬਾਰੇ ਸਾਨੂੰ ਇਕ-ਮੱਤ ਹੋ ਹੀ ਜਾਣਾ ਚਾਹੀਦਾ ਹੈ, ਅਤੇ ਇਸਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ। ਇਸੇ ਵਿਚ ਹੀ ਇਸ ਸਿਨਫ਼ ਦੀ ਬਿਹਤਰੀ ਹੋਵੇਗੀ।

# ਸਹਾਇਕ ਪੁਸਤਕ ਸੂਚੀ


1. ਮਿੰਨੀ ਕਹਾਣੀ ਸੀਮਾ ਤੇ ਸੰਭਾਵਨਾਵਾਂ : ਡਾ. ਅਨੂਪ ਸਿੰਘ
2. ਪੰਜਾਬੀ ਮਿੰਨੀ ਕਹਾਣੀ : ਇਕ ਅਧਿਐਨ : (ਸੰਪਾ.) ਜਗਦੀਸ਼ ਅਰਮਾਨੀ
3. ਮਿੰਨੀ ਕਹਾਣੀ : ਪ੍ਰਾਪਤੀਆਂ ਤੇ ਸੰਭਾਵਨਾਵਾਂ : ਡਾ. ਮਹਿਤਾਬ-ਉ-ਦੀਨ
4. "ਖ਼ੁਸਬੂ", "ਮਿੰਨੀ", "ਜਨ ਸਾਹਿਤ", "ਪੰਜਾਬ ਟੂਡੇ", "ਅਕਸ", "ਗੁੰਚਾ" "ਕਿਰਨ", "ਅਣੂ," ਆਦਿ ਦੇ ਅੰਕ ਅਤੇ ਵਿਸ਼ੇਸ਼ਾਂਕ
5. ਪੰਜਾਬੀ ਕਹਾਣੀਕਾਰ : ਡਾ. ਸਵਿੰਦਰ ਸਿੰਘ ਉੱਪਲ
6. ਪੜਾਅ ਤੇ ਪੜਚੋਲ : ਧਰਮਪਾਲ ਸਾਹਿਲ
7. ਪੰਜਾਬੀ ਕੀ ਸ੍ਰੇਸ਼ਠ ਲਘੂ ਕਥਾਏਂ : (ਸੰਪਾ.) ਪ੍ਰੋ. ਅਸ਼ੋਕ ਭਾਟੀਆ
8. "ਲਘੂ ਆਘਾਤ" (ਹਿੰਦੀ) ਵਿਸ਼ੇਸ਼ਾਂਕ : (ਸੰਪਾ.) ਵਿਕਰਮ ਸੋਨੀ ਅਤੇ ਅਸ਼ੋਕ ਭਾਟੀਆ
9. ਕਹਾਣੀ ਸਿਧਾਂਤ ਤੇ ਆਲੋਚਨਾ : ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
10. ਪੰਜਾਬੀ ਕਹਾਣੀ-ਨਵੀਨ ਪ੍ਰਵਿਰਤੀਆਂ : (ਸੰਪਾ.) ਡਾ. ਧਰਮਪਾਲ ਸਿੰਗਲ
11. ਦ੍ਰਿਸ਼ਟੀਕੋਣ : ਡਾ. ਅਤਰ ਸਿੰਘ
12. ਸਾਹਿਤਿਆਰਥ : ਪ੍ਰਿੰ. ਸੰਤ ਸਿੰਘ ਸੇਖੋਂ
13 . ਸਾਹਿਤ ਦਰਪਣ : ਡਾ. ਕਰਤਾਰ ਸਿੰਘ ਸੂਰੀ
14. ਵਿਕਾਰ ਵਿਮਰਸ਼ : ਡਾ. ਕਰਤਾਰ ਸਿੰਘ ਸੂਰੀ :
15. ਸਾਹਿਤ ਸੰਵੇਦਨਾ : ਡਾ. ਅਤਰ ਸਿੰਘ
16. ਪੱਛਮੀ ਸਮੀਖਿਆ ਦੇ ਸਿਧਾਂਤ : ਡਾ. ਈਸ਼ਰ ਸਿੰਘ ਤਾਂਘ
17. ਪ੍ਰਤਿਕਰਮ : ਪ੍ਰੋ.ਤੇਜਵੰਤ ਮਾਨ

18. ਆਲੋਚਨਾ ਦੇ ਸਿਧਾਂਤ : ਡਾ. ਰੌਸ਼ਨ ਲਾਲ ਆਹੂਜਾ

19. The Critic : T.S.Eliot

20. The Theory of Literature : Rene Wellek

21. Standard Dictionary of folklore (Vol.1)

22. Aspects of Panjabi Literature : Prof. Harbans Singh

23. A History of English literature : Prof. T. Singh

24. The English Novel : Walter Allen